# ਸ੍ਰੀ ਭੈਣੀ ਸਾਹਿਬ

ਪ੍ਰੀਤਮ ਸਿੰਘ ਕਵੀ

**ਨਾਮਧਾਰੀ ਦਰਬਾਰ**
ਸ੍ਰੀ ਭੈਣੀ ਸਾਹਿਬ (ਲੁਧਿਆਣਾ)

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸ੍ਰੀ ਭੈਣੀ ਸਾਹਿਬ

ਪ੍ਰੀਤਮ ਸਿੰਘ ਕਵੀ

**ਨਾਮਧਾਰੀ ਦਰਬਾਰ**

ਸ੍ਰੀ ਭੈਣੀ ਸਾਹਿਬ (ਲੁਧਿਆਣਾ)

Namdhari Elibrary NamdhariElibrary@gmail.com

੧੯੭੮

ਪਰਕਾਸ਼ਕ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ, ਜ਼ਿਲਾ ਲੁਧਿਆਣਾ

ਛਾਪਕ

ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ

**ਮੁੱਲ : ਇਕ ਰੁਪਿਆ**

Namdhari Elibrary NamdhariElibrary@gmail.com

# ਦੋ ਸ਼ਬਦ

ਮੇਰੇ ਮਿੱਤਰ ਪ੍ਰੀਤਮ ਸਿੰਘ ਜੀ ਕਵੀ ਨੇ "ਭੈਣੀ ਸਾਹਿਬ" ਨਾਮ ਦੀ ਇਹ ਨਿੱਕੀ ਜਿਹੀ ਪੁਸਤਿਕਾ ਲਿਖ ਕੇ ਅਤਿ ਸੰਖੇਪ ਵਿਚ ਨਾਮਧਾਰੀ ਮਤ ਤੇ ਸਤਿਗੁਰੂਆਂ ਬਾਰੇ ਤੱਥ ਪੂਰਨ ਜਾਣਕਾਰੀ ਦਿਤੀ ਹੈ । ਸ੍ਰੀ ਭੈਣੀ ਸਾਹਿਬ, ਸਤਿਗੁਰੂ ਰਾਮ ਸਿੰਘ ਜੀ ਤੇ ਨਾਮਧਾਰੀਆਂ ਬਾਰੇ ਪੰਜਾਬੀ ਵਿਚ ਜਿੰਨਾ ਕੁਝ ਲਿਖਿਆ ਜਾਣਾ ਚਾਹੀਦਾ ਸੀ ਉਸ ਦੇ ਮੁਕਾਬਲੇ ਵਿਚ ਅਜੇ ਬਹੁਤ ਹੀ ਥੋੜ੍ਹਾ ਲਿਖਿਆ ਗਿਆ ਹੈ, ਪਰ ਫਿਰ ਵੀ ਇਸ ਗੱਲ ਦੀ ਤਸੱਲੀ ਹੈ ਕਿ ਅਜ ਕਲ੍ਹ ਕੁਝ ਕੰਮ ਹੋ ਰਿਹਾ ਹੈ ।

ਜਿਹੜੇ ਵਿਦਵਾਨ ਲੇਖਕ ਨਾਮਧਾਰੀਆਂ ਸੰਬੰਧੀ ਲਿਖਦੇ ਹਨ ਜਾਂ ਲਿਖਣਾ ਚਾਹੁੰਦੇ ਹਨ ਉਹਨਾਂ ਲਈ ਇਹੋ ਜਿਹੇ ਠੋਸ ਤੇ ਤਥ ਪੂਰਨ ਮਸਾਲੇ ਦੀ ਲੋੜ ਸੀ ਜਿਹੜਾ ਸੰਖੇਪ ਹੁੰਦਾ ਹੋਇਆ ਵੀ ਆਪਣੇ ਅੰਦਰ ਵਿਸ਼ਾਲ ਇਤਿਹਾਸਕ ਪਰੇਰਨਾ ਛੁਪਾਈ ਬੈਠਾ ਹੋਵੇ ।

ਸ੍ਰੀ ਕਵੀ ਜੀ ਦੀ ਇਹ ਨਿੱਕੀ ਜਿਹੀ ਪੁਸਤਿਕਾ ਸਹੀ ਢੰਗ ਨਾਲ ਇਹ ਲੋੜ ਪੂਰੀ ਕਰਦੀ ਹੈ । ਇਸ ਪੁਸਤਿਕਾ ਦੇ ਪਹਿਲੇ ਐਡੀਸ਼ਨ ਨੂੰ ਅਪਰੈਲ ੧੯੬੬ ਵਿਚ ਨਵਾਂ ਹਿੰਦੁਸਤਾਨ ਪ੍ਰਕਾਸ਼ਨ ਵਲੋਂ ਛਾਪਿਆ ਗਿਆ ਸੀ । ਖ਼ੁਸ਼ੀ ਦੀ ਗੱਲ ਹੈ ਕਿ ਉਹ ਪਾਠਕਾਂ ਨੇ ਪਸੰਦ ਕੀਤਾ ।

ਹੁਣ ਇਸ ਦੇ ਦੂਜੇ ਐਡੀਸ਼ਨ ਨੂੰ ਨਾਮਧਾਰੀ ਦਰਬਾਰ ਵਲੋਂ ਛਪਵਾਣ ਦਾ ਉਪਰਾਲਾਂ ਹੋਇਆ ਹੈ । ਆਸ ਹੈ ਪਾਠਕ ਇਸ ਉੱਦਮ ਨੂੰ ਮਨੋਂ ਜੀ ਆਇਆਂ ਆਖਣਗੇ ।

ਫ਼ਰਵਰੀ ੨੧, ੧੯੭੮ —ਅਮਰ ਭਾਰਤੀ



Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸ੍ਰੀ ਭੈਣੀ ਸਾਹਿਬ

ਇਹ ਵੇਦਾਂ ਦੇ ਸਮੇਂ ਦਾ ਅਗਸਤ ਰਿਸ਼ੀ ਦਾ ਆਸ਼ਰਮ ਸੀ। ...... ਇਸ ਨੂੰ ਤੱਕ ਮੈਂ ਨਿਸਚਾ ਨਹੀਂ ਕਰ ਸਕਦਾ ਕਿ ਇਹ ਇਕਾਂਤ ਜਗ੍ਹਾ ਜਿਸ ਦੇ ਉਤੇ ਇਕ ਵੈਦਿਕ ਰਾਤ ਸੁੰਦਰਤਾ ਦਾ ਉਤਾਰਾ ਹੋਇਆ ਹੈ, ਵੀਹਵੀਂ ਸਦੀ ਦੇ ਪੰਜਾਬ ਦੇ ਕਿਸੇ ਪਿਡ ਵੀ ਪਾਈ ਜਾ ਸਕਦੀ ਹੋਵੇ।

—ਕੇ. ਐਮ. ਮੁਨਸ਼ੀ

ਸ੍ਰੀ ਭੈਣੀ ਸਾਹਿਬ ਜਾ ਕੇ ਮੇਰਾ ਚਿਤ ਇਤਨਾ ਪ੍ਰਸੰਨ ਹੋਇਆ ਕਿ ਉਥੋਂ ਆਉਣ ਨੂੰ ਜੀ ਨਹੀਂ ਸੀ ਕਰਦਾ।

— ਡਾ: ਸ: ਗੋਕਲ ਚੰਦ ਨਾਰੰਗ

ਮਹਾਂ ਪੁਰਾਤਨ ਦੇਸ਼ ਭਾਰਤ ਦੇ, ਇਕ ਸ਼ਾਨਾਂ ਭਰੇ ਪ੍ਰਾਂਤ, ਪੰਜਾਬ ਵਿਚ ਜ਼ਿਲਾ ਲੁਧਿਆਣਾ ਦਾ ਇਕ ਛੋਟਾ ਜਿਹਾ ਪਿੰਡ ਬੜੀ ਵੱਡੀ ਮਹਾਨਤਾ ਲਈ ਬੈਠਾ ਹੈ ਜਿਸ ਦੀ ਚਰਚਾ ਜਿਉਂ ਜਿਉਂ ਇਤਿਹਾਸ ਘੋਖਿਆ ਜਾ ਰਿਹਾ ਹੈ ਤਿਉਂ ਤਿਉਂ ਉਜਾਗਰ ਹੁੰਦੀ ਚਲੀ ਜਾ ਰਹੀ ਹੈ।

ਲੁਧਿਆਣਾ-ਚੰਡੀਗੜ੍ਹ ਦੀ ਘੂਕਰੀਂ ਵਗਦੀ ਸੜਕ ਦੇ ਪੰਦਰ੍ਹਵੇਂ ਮੀਲ ਤੋਂ ਵੱਖ ਹੁੰਦਾ ਨਿੱਕਾ ਸੜਕ-ਟੋਟਾ ਡੇਢ ਮੀਲ ਉੱਤਰ-ਪੱਛਮ ਵਲ ਲੈ ਜਾਂਦਿਆਂ, ਸਾਨੂੰ ਇਕ ਐਸੀ ਸਾਦਾ, ਪਰ ਇਤਿਹਾਸਕ ਨਗਰੀ ਵਲ ਲੈ ਜਾਂਦਾ ਹੈ ਜੋ ਸੰਘਣੇ, ਹਰੇ ਭਰੇ ਤੇ ਘਣ-ਛਾਵੇਂ ਰੁੱਖਾਂ ਦੀ ਓਟ ਵਿਚ ਆਪਣਾ ਆਪ ਲੁਕਾਈ



Namdhari Elibrary NamdhariElibrary@gmail.com

ਬੈਠੀ ਹੈ। ਇਸ ਨਗਰੀ ਨੂੰ ਤੱਕਿਆਂ ਮਨ ਨੂੰ ਸ਼ਾਂਤੀ, ਅੱਖਾਂ ਨੂੰ ਤਰਾਵਤ ਤੇ ਰੂਹ ਨੂੰ ਨਜਾਤ ਪ੍ਰਾਪਤ ਹੁੰਦੀ ਹੈ। ਇਹੋ ਸ੍ਰੀ ਭੈਣੀ ਸਾਹਿਬ ਹੈ।

ਵੇਖਣ ਨੂੰ ਇਸ ਸਧਾਰਣ ਪਿੰਡ ਨੇ, ਆਪਣੀ ਸਵਾ ਕੁ ਸਦੀ ਆਯੂ ਵਿਚ, ਭਾਰਤ ਅੰਦਰ ਵਾਪਰਦੀਆਂ ਮਹਾਨ ਘਟਨਾਵਾਂ ਨੂੰ ਡੂੰਘਿਆਂ ਹੋ ਕੇ ਪਹਿਚਾਣਿਆਂ ਅਤੇ ਉਹਨਾਂ ਤੋਂ ਯੋਗ ਉਤਸਾਹ ਲੈ ਕੇ ਆਪਣੇ ਜਾਣਕਾਰਾਂ, ਪ੍ਰਸ਼ੰਸਕਾਂ ਅਤੇ ਅਨੁਆਈਆਂ ਨੂੰ ਨਵੇਂ ਰਾਹੀਂ ਤੋਰਿਆ।

ਅੱਜ ਏਥੇ ਹਰ ਸਾਲ, ਅੱਧ ਅਗਸਤ ਤੋਂ ਦਸ ਸਤੰਬਰ ਤਕ, ਮਹਾਨ ਧਾਰਮਿਕ ਯੱਗ ਤੇ ਜਪ ਪ੍ਰਯੋਗ ਹੁੰਦੇ ਹਨ। ਸੈਂਕੜੇ ਹਜ਼ਾਰਾਂ ਲੋਕ ਇਸ ਨਗਰੀ ਨੂੰ ਪਰਸਣ ਆਉਂਦੇ ਹਨ। ਕੁਛ ਦਿਨ ਰੱਬੀ ਰੰਗ ਵਿਚ ਰੱਤਿਆਂ ਬਿਤਾ ਕੇ ਸਤਿਸੰਗ, ਨਾਮ ਬਾਣੀ ਤੇ ਕਥਾ ਕੀਰਤਨ ਦੇ ਲਾਭ ਨਾਲ ਵਕਤ ਦੇ ਸਤਿਗੁਰੂ ਦੇ ਦਰਸ਼ਨਾਂ ਅਤੇ ਬਚਨਾਂ ਤੋਂ ਫ਼ੈਜ਼ ਹਾਸਲ ਕਰਕੇ ਘਰਾਂ ਨੂੰ ਪਰਤਦੇ ਹਨ। ਪਰ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦੇ ਸਾਲਾਂ ਵਿਚ ਇਸ ਦਾ ਨਾਮ ਤਕ ਕੋਈ ਨਹੀਂ ਸੀ ਜਾਣਦਾ।

ਜਦੋਂ ਭਾਰਤ ਦੀ ਮਹਾਨ ਹਥਿਆਰਬੰਦ ਬਗ਼ਾਵਤ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਧਧਕ ਉੱਠਣ ਲਈ ਕਾਹਲੀ ਪੈ ਰਹੀ ਸੀ, ਓਦੋਂ ਸ੍ਰੀ ਭੈਣੀ ਸਾਹਿਬ ਵਿਚ ਅਹਿੰਸਕ ਤਰੀਕੇ ਦੀ ਲੜਾਈ ਦਾ, ਵਿਦੇਸ਼ੀ ਹਕੂਮਤ ਦੇ ਵਿਰੁਧ ਪਹਿਲਾ ਬਿਗਲ ਵਜਾਇਆ ਗਿਆ। ਮਹਿਕੂਮਾਂ ਦੀ ਆਪਣੇ ਹਾਕਮ ਦੇ ਖ਼ਿਲਾਫ਼ ਪਹਿਲੀ ਐਸੀ ਲੜਾਈ ਜੋ ਸਦਾਚਾਰ ਤੇ ਧਾਰਮਕ ਨਿਯਮਾਵਲੀ ਤੇ ਆਧਾਰਿਤ ਹੋ ਕੇ ਬਗ਼ੈਰ ਹਥਿਆਰਾਂ ਤੋਂ ਲੜੀ ਜਾਣੀ ਸੀ। ਜਿਸ ਵਿਚ ਮਨਾਂ ਦੀ ਸ਼ੁੱਧਤਾ, ਵਿਚਾਰਾਂ ਦੀ ਏਕਤਾ ਤੇ ਗ਼ੁਲਾਮੀ ਤੋਂ ਸਖ਼ਤ ਨਫ਼ਰਤ ਹੀ ਹਥਿਆਰਾਂ ਦੇ ਤੌਰ ਤੇ ਵਰਤੀ ਜਾਣੀ ਸੀ। ਜਿਥੇ ਗੋਲੀਆਂ ਦੀ ਥਾਂ ਉੱਨ ਦੀ ਅਠੋਤਰੀ ਮਾਲਾ ਦਾ ਅਮਿਤਵਾਂ ਪ੍ਰਭਾਵ ਵਰਤੋਂ ਵਿਚ ਆਉਣਾ ਸੀ।

ਸ੍ਰੀ ਭੈਣੀ ਸਾਹਿਬ ਵਿਚ ੧੩ ਅਪਰੈਲ, ੧੮੫੭ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸਫ਼ੇਦ ਝੰਡਾ ਲਹਿਰਾ ਕੇ, ਆਪਣੇ ਅਨੁਆਈਆਂ ਨੂੰ ਨਵੇਂ ਅੰਮ੍ਰਿਤ ਦੀ ਪਾਹੁਲ ਦੇ ਕੇ, ਸਰੀਰਕ, ਵਿਵਹਾਰਕ ਤੇ ਆਚਰਣਕ ਸ਼ੁੱਧਤਾ ਦੇ ਬੀਜ ਅਰੋਪਣ



Namdhari Elibrary NamdhariElibrary@gmail.com

ਕੀਤੇ। ਸਾਦਗੀ, ਸੁਹਿਰਦਤਾ, ਸੇਵਾ, ਸਚਾਈ ਤੇ ਸਰਲਤਾ ਉਤੇ ਬਲ ਦੇ ਕੇ ਨਿੱਘਰ ਰਹੇ ਲੋਕਾਂ ਨੂੰ ਉਤਾਂਹ ਉੱਠਣ ਤੇ ਅਗਾਂਹ ਵਧਣ ਲਈ ਜ਼ਬਰਦਸਤ ਪ੍ਰੇਰਨਾ ਦਿਤੀ।

ਭਗਤੀ ਭਰੇ ਹਿਰਦੇ ਵਿਚੋਂ ਉੱਠੀ, ਸੱਤਿ ਅਤੇ ਅਹਿੰਸਾ ਤੇ ਅਧਾਰਿਤ ਅਜੇਹੀ ਖ਼ਾਮੋਸ਼ ਰਾਜਸੀ ਪੁਕਾਰ ਨੂੰ ਪੰਜਾਬ ਦੇ ਲੋਕਾਂ ਨੇ ਬੜੀ ਗੰਭੀਰਤਾ ਨਾਲ ਸੁਣਿਆ। ਅਗਲੇ ਪੰਜ ਸਤ ਸਾਲਾਂ ਵਿਚ ਹੀ ਏਹ ਨਿਕ-ਨਗਰੀ ਸਮੁੱਚੇ ਭਾਰਤ ਦੀਆਂ ਜਿਊਂਦੀਆਂ ਤੇ ਸਜਗ ਸ਼ਕਤੀਆਂ ਦਾ ਕੇਂਦਰ ਬਣ ਗਈ । ਪੰਜਾਬ ਨੂੰ ਤਾਂ ਜਿਵੇਂ ਇਸ ਨਗਰ ਦੀ ਹਲੂਣਵੀਂ ਆਵਾਜ਼ ਨੇ ਮੁੜ ਸੁਤੰਤਰਤਾ ਲਈ ਧੜਕਾ ਹੀ ਦਿਤਾ।

ਪੰਜਾਬ ਵਿਚੋਂ ਖ਼ਾਲਸਾ ਰਾਜ ਨੂੰ ਪੂਰੀ ਤਰ੍ਹਾਂ ਖ਼ਤਮ ਹੋਇਆਂ ਅਜੇ ਅੱਠ ਸਾਲ ਹੀ ਹੋਏ ਸਨ ਕਿ ਭੈਣੀ ਸਾਹਿਬ ਵਿਚੋਂ ਮੁੜ ਸੁਤੰਤਰ ਰਾਜ ਦੀ ਸਥਾਪਤੀ ਦੇ ਸੁਪਨੇ ਲੋਕਾਂ ਨੂੰ ਮਿਲਣ ਲੱਗੇ। ਸਾਲ ਵਿਚ ਅਜਿਹੇ ਜ਼ਿੰਦਾ ਦਿਲ ਲੋਕਾਂ ਦੇ ਦੋ ਚਾਰ ਵਿਸ਼ਾਲ ਇਕੱਠ ਏਥੇ ਹੋ ਜਾਂਦੇ ਜੋ ਅੰਦਰ ਹੀ ਅੰਦਰ ਬਰਤਾਨਵੀ ਗ਼ੁਲਾਮੀ ਦੇ ਖਿਲਾਫ਼ ਲਾਵੇ ਵਾਂਗ ਉਬਲਦੇ ਰਹਿੰਦੇ।

ਪਰੰਤੂ, ਦੁਰਭਾਗ, ਏਸੇ ਭੈਣੀ ਸਾਹਿਬ ਨੇ ਨਵੇਂ ਜੁਗ ਦੇ ਆਰੰਭ ਦੇ ਪੰਦਰ੍ਹਵੇਂ ਸਾਲ ਬਾਅਦ ਹੀ ਓਹ ਬੁਰੇ ਦਿਨ ਵੇਖੇ ਕਿ ਅਜ ਵੀ ਉਹਨਾਂ ਦਾ ਚੇਤਾ ਕਰਕੇ ਇਸ ਧਰਤੀ ਦਾ ਕਣ ਕਣ ਗਿੱਲਾ ਹੋ ਜਾਂਦਾ ਹੈ। ਅੰਗਰੇਜ਼ ਪੁਲਸ ਦੇ ਮੁਤਾਣੇ ਘੋੜੇ ਇਸ ਦਾ ਚੱਪਾ ਚੱਪਾ ਰੋਂਦਣ ਲਗੇ । ਪਵਿੱਤਰ ਸਥਾਨ ਦੇ ਵੇਹੜੇ ਪਾਣੀ ਹਾਂਡੇ ਤਕ ਪੁੱਟੇ ਪੁਟਾਏ ਗਏ। ਸ਼ਰਧਾਲੂਆਂ ਅਤੇ ਹੋਰ ਲੋਕਾਂ ਨੂੰ ਏਥੇ ਆਉਣੋਂ ਵਰਜਿਆ ਗਿਆ। ਪੁਲਿਸ ਚੋਕੀ ਬੈਠ ਗਈ । ਗੁਰਦਵਾਰੇ ਦੇ ਦਰਸ਼ਨਾਂ ਲਈ ਵਿਲਕਦੇ ਲੋਕਾਂ ਨੂੰ ਪੰਜ ਪੰਜ ਦੇ ਗਰੁਪਾਂ ਵਿਚ ਵੀ ਅੰਦਰ ਜਾਣੋਂ ਰੋਕਿਆ ਗਿਆ। ਏਥੇ ਪੂਜਾ ਪਾਠ ਕਰਨ ਤੇ ਕਰਵਾਣ ਵਾਲਿਆਂ ਨੂੰ, ਪਤਾ ਲਗਣ ਤੇ, ਜੇਲ ਦੀ ਹਵਾ ਖਾਣੀ ਪੈਂਦੀ। ਭੈਣੀ ਸਾਹਿਬ ਨਾਲ ਸਬੰਧਤ ਹਰ ਆਦਮੀ ਨੂੰ ਆਪਣੇ ਥਾਣੇ ਦੇ ਰਜਿਸਟਰਾਂ ਵਿਚ ਦਰਜ ਕਰਕੇ ਰੋਜ਼ਾਨਾ ਹਾਜ਼ਰੀ ਲਈ ਮਜਬੂਰ ਕੀਤਾ ਜਾਂਦਾ।



Namdhari Elibrary NamdhariElibrary@gmail.com

ਉਸਰਦੇ ਵਿਗਸਦੇ ਭੈਣੀ ਸਾਹਿਬ ਨੂੰ ਇਹਨਾਂ ਸਖ਼ਤੀਆਂ ਦਾ ਸਾਹਮਣਾ ਏਸ ਲਈ ਕਰਨਾ ਪਿਆ ਕਿ ਏਥੋਂ ਦੀ ਸਿੱਖਿਆ ਤੋਂ, ਆਪਣੇ ਹੀ ਅਰਥ ਲਾ ਕੇ, ਕੁਝ ਕੂਕਿਆਂ ਨੇ ਅੰਮ੍ਰਿਤਸਰ, ਰਾਇਕੋਟ ਤੇ ਮਲੇਰ ਕੋਟਲਾ ਆਦਿ ਵਿਚ ਬੁੱਚੜਖ਼ਾਨਿਆਂ ਤੇ ਸ਼ਸਤਰ ਹਮਲੇ ਕਰਕੇ ਗਊਆਂ ਦੇ ਰੱਸੇ ਖੋਹਲ ਦਿਤੇ ਅਤੇ ਵਿਰੋਧ ਵਿਚ ਅੜਿਆਂ ਨੂੰ ਪਾਰ ਵੀ ਬੁਲਾ ਦਿਤਾ ।

ਭਾਵੇਂ ਗਊ ਤੇ ਗ਼ਰੀਬ ਦੀ ਰੱਖਿਆ ਸ੍ਰੀ ਭੈਣੀ ਸਾਹਿਬ ਵਿਚਲੇ ਵਾਤਾਵਰਨ ਦੀ ਹੀ ਉਪਜ ਸੀ, ਪਰ ਉਸ ਲਈ ਇਸ ਤਰ੍ਹਾਂ ਤੇ ਇਹ ਵਕਤ ਮੁਨਾਸਬ ਨਹੀਂ ਸੀ ।

ਬਰਤਾਨਵੀ ਹਾਕਮਾਂ ਨੇ ਅਜਿਹੇ ਭਾਵਨਾ ਭਰੇ ਕੂਕਿਆਂ ਨੂੰ ਫਾਂਸੀਆਂ ਤੇ ਲਟਕਾਇਆ, ਕਾਲੇ ਪਾਣੀਆਂ ਨੂੰ ਭੇਜਿਆ ਤੇ ਚਿੱਟੇ ਦਿਨ ਤੋਪਾਂ ਅਗੇ ਖ਼ਲਿਹਾਰ ਕੇ ਉਡਾਇਆ । ਅੰਗਰੇਜ਼ ਇਸ ਤਰ੍ਹਾਂ ਕਰਕੇ ਲੋਕਾਂ ਵਿਚ ਆਜ਼ਾਦੀ ਲਈ ਉਗਮਦੀ ਤੜਪ ਨੂੰ ਸਦਾ ਲਈ ਕੁਚਲਣਾ ਚਾਂਹਦਾ ਸੀ ।

੧੮ ਜਨਵਰੀ ੧੮੭੨ ਦੀ ਇਕ ਸਵੇਰੇ ਸ੍ਰੀ ਭੈਣੀ ਸਾਹਿਬ ਦਾ ਨਾਮ ਰੋਸ਼ਨ ਕਰਨ ਵਾਲੇ ਅਦੁੱਤੀ ਆਗੂ ਸਤਿਗੁਰੂ ਰਾਮ ਸਿੰਘ ਜੀ ਨੂੰ ਬਿਨਾਂ ਮੁਕੱਦਮਾ ਚਲਾਏ, ਬਿਨਾਂ ਦੋਸ਼ ਦੱਸੇ, ਜਲਾਵਤਨ ਕਰ ਦਿਤਾ ਗਿਆ ।

ਪਰ ਜਿਵੇਂ ਅਡੋਲ ਪਾਣੀ ਵਿਚ ਸੁੱਟੀ ਹੋਈ ਇਕ ਕੰਕਰ ਕੁਝ ਲਹਿਰਾਂ ਪੈਦਾ ਕਰਕੇ ਫਿਰ ਪ੍ਰਭਾਵਹੀਨ ਹੋ ਜਾਂਦੀ ਹੈ ਤਿਵੇਂ ਭੈਣੀ ਸਾਹਿਬ ਨੇ ਇਹਨਾਂ ਦੁਖ ਭਰੇ ਦਿਨਾਂ ਤੋਂ ਬਾਅਦ ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੁੰਨ ਕਾਰਜਾਂ ਤੇ ਦੇਸ਼ ਭਗਤਕ ਕਰਤਵਾਂ ਨੂੰ ਪਹਿਲਾਂ ਤੋਂ ਵੀ ਵਧਵੀਂ ਸ਼ਾਨ ਵਿਚ ਵੇਖਿਆ ਅਤੇ ਵੇਖਿਆ ਕਿ ਜਿਸ ਤਰੀਕੇ ਦੀ ਪਹਿਲੀ ਆਵਾਜ਼ ਸਤਿਗੁਰੂ ਰਾਮ ਸਿੰਘ ਜੀ ਰਾਹੀਂ ਉਸ ਦੇ ਹਿਰਦਿਉਂ ਉੱਠੀ, ਓਸੇ ਢੰਗ ਤਰਜ਼ ਦੀ ਪੁਕਾਰ ਨੂੰ ਮੁੜ ਉੱਚਿਆਂ ਕਰਕੇ ਮਹਾਤਮਾ ਗਾਂਧੀ ਜੀ ਨੇ ਸਾਰੇ ਦੇਸ਼ ਨੂੰ ਨਵੀਆਂ ਹਾਲਤਾਂ ਅਧੀਨ ਲਾਮਬੰਦ ਕੀਤਾ ਅਤੇ ਸੰਨ ੧੯੪੭ ਵਿਚ, ਭਾਵੇਂ ਦੇਸ਼ ਦੀ ਵੰਡ ਮੰਨ ਕੇ ਹੀ, ਸੁਤੰਤਰਤਾ ਦੇ ਤਟ ਤੇ ਲੈ ਆਂਦਾ ।



Namdhari Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ, ਸੁਤੰਤਰ ਭਾਰਤ ਵਿਚ, ਅਜੇ ਲੋੜੀਂਦਾ ਰਾਜਨੀਤਕ ਸਤਿਕਾਰ ਨਹੀਂ ਲੈ ਸਕਿਆ, ਪਰ ਉਸ ਨੂੰ ਮਾਣ ਹੈ ਕਿ ਉਸ ਦਾ ਸੁਪਨਾ ਹੀ ਪੂਰਣਤਾ ਨੂੰ ਪ੍ਰਾਪਤ ਹੋਇਆ । ਅਜ ਇਹ ਨਗਰੀ ਦੇਸ ਲਈ ਸਦਾ ਲੋੜੀਂਦੀ ਸਦਾਚਾਰਕ ਉੱਚਤਾ ਨੂੰ ਜਨ ਜੀਵਨ ਵਿਚ ਆਮ ਪ੍ਰਵਾਨ ਕਰਾਣ ਲਈ ਪਹਿਲਾਂ ਵਾਂਗ ਹੀ ਪ੍ਰੇਰਨਾ ਦੇ ਰਹੀ ਹੈ।

ਰਾਜਨੀਤਕ ਪਛੋਕੜ ਤੋਂ ਬਿਨਾਂ ਇਹ ਨਗਰੀ ਏਸ ਲਈ ਵੀ ਆਕਰਸ਼ਣ ਰਖਦੀ ਹੈ ਕਿ ਸਿੱਖ ਮਤ ਦੀ ਧਰਮ ਪਰੰਪਰਾ ਨੂੰ ਏਥੇ ਜੀਵਤ ਰਖਿਆ ਜਾ ਰਿਹਾ ਹੈ।

ਕੱਚੇ ਅਤੇ ਪੱਕੇ ਕੋਠੇ ਭੈਣੀ ਸਾਹਿਬ ਦੀ ਸਧਾਰਨ ਡਿੱਠ ਹੈ। ਗੁਰਦਵਾਰੇ ਵਿਚ ਬਿਨਾਂ ਟਾਈਮ ਦੀ ਪਾਬੰਦੀ ਦੇ ੧੯੫੭ ਤੋਂ, ਕਾਲ ਸੁਕਾਲ ਦੀ ਚਿੰਤਾ ਬਿਨਾਂ, ਸਦਾ-ਬਰਤ-ਲੰਗਰ ਜਾਰੀ ਹੈ । ਇਕ ਸਤਿਗੁਰੂ ਰਾਮ ਸਿੰਘ ਜੀ ਦਾ ਸਿਮਰਨ-ਮੰਦਰ ਹੈ । ਇਕ ਗੁਰੂ ਹਰੀ ਸਿੰਘ ਜੀ ਦਾ ਸਿਮਰਨ ਸਥਾਨ ਵਾਲਾ ਚੁਬਾਰਾ ਹੈ। ਉਪਰੋਕਤ ਸਤਿਗੁਰੂਆਂ ਦਾ ਉਹ ਘਰ ਅਤੇ ਹਟ ਹੈ ਜਿਸ ਵਿਚ ਆਈਆਂ ਸੰਗਤਾਂ ਦੀ ਆਪ ਸੇਵਾ ਕਰਦੇ ਤੇ ਕਰਵਾਂਦੇ ਰਹੇ । ਏਥੇ ਅੱਜ ਵੀ ਲੋੜਵੰਦਾਂ ਨੂੰ ਮੁਫ਼ਤ ਸਮੱਗਰੀ ਦਿਤੀ ਜਾਂਦੀ ਹੈ। ਗੁਰੂ ਰਾਮ ਸਿੰਘ ਜੀ ਦੇ ਸਮੇਂ ਦੀ ਇਕ ਲੋਹ ਅਤੇ ਲੰਗਰ ਹੈ ਜਿਸ ਵਿਚ ਨਲਕੇ ਦਾ ਪਾਣੀ ਪੀਣ ਵਾਲੇ ਦੇ ਦਾਖ਼ਲੇ ਤੇ ਰੋਕ ਹੈ। ਏਥੋਂ ਦੀ ਸੇਵਾ ਵਿਚ ਸਹਾਇਕ ਹੋਣ ਵਾਲੇ ਪਸ਼ੂਆਂ ਲਈ ਖੁਲ੍ਹੇ ਤਬੇਲੇ ਹਨ।

ਪਿੰਡ ਦੇ ਦੱਖਣ ਵਿਚ ਬਾਹਰ ਵਾਰ "ਅਕਾਲ ਬੁੰਗਾ" ਨਾਮ ਦੀ ਇਕ ਕੁਟੀਆ ਹੈ ਜਿਸ ਵਿਚ ਗੁਰੂ ਰਾਮ ਸਿੰਘ ਜੀ ਰੋਜ਼ਾਨਾ ਕੁਝ ਘੰਟੇ ਸਿਮਰਨ ਕੀਤਾ ਕਰਦੇ ਸਨ।

ਭੈਣੀ ਸਾਹਿਬ ਤੋਂ ਪਹਾੜ ਦੀ ਬਾਹੀ ਵਲ ਫ਼ਰਲਾਂਗ ਕੁ ਦੇ ਫ਼ਾਸਲੇ ਤੇ ਸ੍ਰੀ ਰਾਮਦਾਸ ਪੁਰ ਨਾਂ ਵਾਲੀ ਇਕ ਹੋਰ ਧਾਰਮਕ ਵਡੱਪਣ ਵਾਲੀ ਵਸੋਂ ਹੈ। ਇਸ ਵਿਚ ਵਰਤਮਾਨ ਸਤਿਗੁਰੂ ਜੀ ਦੇ ਮਹਿਲਾਂ ਦਾ ਇਕ ਸਾਦਾ ਜਿਹਾ ਨਿਵਾਸ ਹੈ। ਇਕ ਛੋਟਾ ਜਿਹਾ ਕੀਮਤੀ ਬੂਟਿਆਂ ਦਾ ਬਗੀਚਾ ਹੈ । ਇਸ ਵਿਚ ਇਕ



Namdhari Elibrary NamdhariElibrary@gmail.com

ਤ੍ਰਿ-ਕਮਰੀ ਅੱਧ ਪੱਕੀ ਕੋਠੀ ਵਿਚ ਸੰਨ ੧੯੫੯ ਤੋਂ ਨਿਰੰਤਰ ਨਾਮ ਸਿਮਰਨ ਜਾਰੀ ਹੈ । ਫੁੱਲਾਂ ਭਰੇ ਆਲੇ ਦੁਆਲੇ ਵਿਚ ਇਸ ਸਥਾਨ ਨੂੰ ਤੱਕਿਆਂ ਸੁਗੰਧਤ ਸਮੱਗਰੀ ਦੇ ਧੂੰਏਂ ਨਾਲ ਹੀ ਰੂਹ ਪ੍ਰਭੂ ਚਰਨਾਂ ਵਿਚ ਪਹੁੰਚਣ ਲਈ ਸਨਿੰਮਰ ਹੋ ਉਤਾਂਹ ਉਠਦੀ ਹੈ । ਏਥੇ ਇਕ ਰਾਮਸਰ ਨਾਮੀ ਕੁਦਰਤੀ ਜਲ ਵਾਲਾ ਤਾਲਾਬ ਵੀ ਹੈ । ਕੋਲ ਵਾਰ ਹੀ ਰੁੱਖਾਂ ਦੇ ਝੁੰਡ ਹੇਠ ਵੈਦਿਕ ਕਾਲ ਦੇ ਰਿਖੀਆਂ ਵਰਗੇ ਬਜ਼ੁਰਗਾਂ ਦੀਆਂ ਪੱਕੀਆਂ-ਛੱਤੀਆਂ ਕੁਟੀਆਵਾਂ ਹਨ । ਏਸ ਚੁਗਿਰਦੇ ਵਿਚ ਚੜ੍ਹਦੇ ਪਾਸੇ ਸਤਿਗੁਰੂ ਜੀ ਦੀ ਸਿਮਰਨ ਛਪਰੀ ਹੈ । ਏਥੋਂ ਪਹਾੜ ਦੀ ਤਰਫ਼ ਇਕ ਹੋਰ ਕਮਰਾ ਹੈ । ਜਿਸ ਵਿਚ ਕਰੀਬ ੪੦ ਸਾਲ ਤੋਂ ਲਗਾਤਾਰ. ਨਾਮ ਸਿਮਰਨ ਹੋ ਰਿਹਾ ਹੈ ।

ਦੂਰ ਦੇਸਾਂ ਵਿਚ ਸ੍ਰੀ ਭੈਣੀ ਸਾਹਿਬ ਦੀ ਮਹਿਮਾਂ ਨੂੰ ਅੱਜ ਪਹੁੰਚਾਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਸੁਪੋਤਰੇ, ਨਾਮਧਾਰੀ ਪੰਥ ਦੇ ਵਰਤਮਾਨ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਹਨ ਜਿਨ੍ਹਾਂ ਦੇ ਦਰਸ਼ਨਾਂ ਅਤੇ ਬਚਨਾਂ 'ਚੋਂ ਉਹੋ ਪਾਪ ਨਾਸ਼ਨੀ ਨਿਰਮਲ ਗੰਗ-ਧਾਰ ਵਹਿ ਤੁਰਦੀ ਹੈ ਜਿਸ ਦਾ ਆਧਾਰ ਪ੍ਰਥਮ ਸਤਿਗੁਰੂ ਨਾਨਕ ਦੇਵ ਜੀ ਨੇ ਕਾਇਮ ਕੀਤਾ ।



Namdhari Elibrary NamdhariElibrary@gmail.com

# ਨਾਮਧਾਰੀ

ਉਹਨਾਂ ਦੀ ਲਹਿਰ ਜਿਥੇ ਅਸਲੋਂ ਹੀ ਮਜ਼੍ਹਬੀ ਸੀ
ਓਥੇ ਉਤਨੀ ਹੀ ਪੋਲੀਟੀਕਲ ਵੀ ਸੀ।

— ਭਾਈ ਪਰਮਾਨੰਦ

ਨਾਮਧਾਰੀ ਮਤ ਦੀ ਨੀਂਹ ਸਤਿਗੁਰੂ ਰਾਮ ਸਿੰਘ ਜੀ ਨੇ ਸੰਨ ੧੮੫੭, ੧੩ ਅਪ੍ਰੈਲ ਨੂੰ ਰੱਖੀ। ਉੱਦੇਸ਼ ਸੀ ਸਿੱਖ ਜਗਤ ਵਿਚ ਆ ਗਈਆਂ ਸਦਾਚਾਰਕ, ਭਾਈਚਾਰਕ ਅਤੇ ਆਤਮਿਕ ਕਮਜ਼ੋਰੀਆਂ ਨੂੰ ਦੂਰ ਕਰਨਾ। ਗੁਰੂ ਰਾਮ ਸਿੰਘ ਜੀ ਨੂੰ ਏਸ ਸਮੇਂ ਤਕ ਗੁਰੂ ਗੋਬਿੰਦ ਸਿੰਘ ਜੀ ਦੇ, ਅਸਲੀ ਅਰਥਾਂ ਵਿਚ, ਕੇਵਲ ਢਾਈ ਸਿੱਖ ਹੀ ਮਿਲੇ। ਆਮ ਸਿੱਖੀ ਗ੍ਰੰਥ ਸਾਹਿਬ ਜੀ ਵਿਚ ਦੱਸੀ ਗੁਰੂਆਂ ਦੀ ਤਾਲੀਮ ਤੋਂ ਉਲਟ ਆਚਰਣ ਵਾਲੀ ਹੋ ਗਈ ਸੀ। ਮਾਸ, ਸ਼ਰਾਬ, ਸ਼ਿਕਾਰ ਅਤੇ ਵਿਭਚਾਰ ਆਦਿ ਦੀ ਪਰਵਿਰਤੀ ਨੇ ਧਰਮ ਭਾਵਨਾ ਤਾਂ ਨਸ਼ਟ ਕਰ ਹੀ ਦਿਤੀ ਸੀ, ਰਾਜਸੀ ਤੌਰ ਤੇ ਵੀ ਪੰਜਾਬੀ ਅਤੇ ਖ਼ਾਸ ਕਰ ਸਿੱਖ ਦੀਵਾਲੀਏ ਹੋ ਗਏ ਸਨ। ਮਹਾਰਾਜਾ, ਰਣਜੀਤ ਸਿੰਘ ਦੇ ਕਾਲਵਸ ਹੋਣ ਤੋਂ ਪਿਛੋਂ ਜਿਸ ਬੁਰਛਾ ਗਰਦੀ ਦਾ ਸ਼ਿਕਾਰ ਪੰਜਾਬ ਦਾ ਖ਼ਾਲਸਾ ਰਾਜ ਹੋਇਆ ਉਹ ਦਿਨੋ ਦਿਨ ਢਹਿੰਦੇ ਸਿੱਖ ਆਚਰਣ ਦਾ ਖ਼ਾਸ ਨਮੂਨਾ ਸੀ। ਖ਼ਾਲਸਾ ਸਤਿਲੁਜ ਤਕ ਪਹੁੰਚੇ ਬਰਤਾਨਵੀ ਰਾਜ ਦੀ ਕੁਟਲ ਨੀਤੀ ਨੂੰ ਨਾ ਸਮਝ ਕੇ ੧੮੪੯ ਈਸਵੀ ਵਿਚ ਪੂਰੀ ਤਰ੍ਹਾਂ ਉਸ ਦੇ ਅਧੀਨ ਹੋ ਗਿਆ।

ਪਰੰਤੂ ਅਜੇ ਵੀ ਕੁਛ ਵਿਅਕਤੀ ਅੰਗ੍ਰੇਜ਼ ਦੀ ਗ਼ੁਲਾਮੀ ਨੂੰ ਡਾਢੀ ਘਿਰਣਾ ਕਰਦੇ ਸਨ ਤੇ ਇਹਨਾਂ ਦੇ ਸਿਰਮੌਰ ਸਨ ਸਤਿਗੁਰੂ ਰਾਮ ਸਿੰਘ ਜੀ। ਆਪ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ, ਸ੍ਰੀ ਭੈਣੀ ਸਾਹਿਬ ਵਿਚ ਇਕ ਅਜਿਹੇ ਸੰਤ



Namdhari Elibrary NamdhariElibrary@gmail.com

ਖ਼ਾਲਸੇ ਨੂੰ ਜਨਮ ਦਿਤਾ ਜਿਸ ਦਾ ਨਾਮ ਰਖਿਆ — ਨਾਮਧਾਰੀ। ਈਸ਼ਵਰ ਦੇ ਨਾਮ ਤੇ ਆਧਾਰ ਰੱਖਣ ਵਾਲਾ।

ਨਾਮਧਾਰੀਆਂ ਲਈ ਸਤਿਗੁਰੂ ਜੀ ਨੇ ਧਾਰਮਿਕ, ਰਾਜਸੀ ਤੇ ਭਾਈਚਾਰਕ ਨਿਯਮਾਵਲੀਆਂ ਬਣਾਈਆਂ।

**ਧਾਰਮਿਕ :**

(੧) ਇਕ ਅਕਾਲ ਪੁਰਖ ਵਿਚ ਚੇਤੰਨ ਵਿਸ਼ਵਾਸ ਰੱਖਣਾ।

(੨) ਗੁਰਬਾਣੀ ਰਾਹੀਂ ਸਪੱਸ਼ਟ ਕੀਤੇ ਧਰਮ ਆਚਾਰ ਨੂੰ ਜ਼ਿੰਦਗੀ ਵਿਚ ਢਾਲਣਾ।

(੩) ਖਿਮਾਂ, ਤਿਆਗ, ਸੱਚ, ਸੁਚ, ਦਇਆ, ਪ੍ਰੇਮ, ਸੇਵਾ ਤੇ ਸਿਮਰਨ ਆਦਿ ਨਾਲ ਸਨੱਧਬੱਧ ਰਹਿਣਾ।

(੪) ਮਾਸ, ਸ਼ਰਾਬ, ਜੀਵ ਹਿੰਸਾ, ਚੋਰੀ, ਯਾਰੀ, ਠੱਗੀ ਤੇ ਵਿਆਜ ਤੋਂ ਪ੍ਰਹੇਜ਼।

**ਰਾਜਸੀ :**

(੧) ਅੰਗ੍ਰੇਜ਼ ਦੇ ਸਕੂਲਾਂ ਤੇ ਤਾਲੀਮ ਦਾ ਬਾਈਕਾਟ।

(੨) ਅੰਗ੍ਰੇਜ਼ ਦੀਆਂ ਕਚਹਿਰੀਆਂ ਵਿਚ ਨਾ ਜਾਣਾ।

(੩) ਅੰਗ੍ਰੇਜ਼ ਦੀ ਡਾਕ ਸੇਵਾ ਤੇ ਰੇਲ ਤਕ ਨਾ ਵਰਤਣੀ।

(੪) ਵਿਦੇਸ਼ੀ ਬਸਤਰਾਂ ਤੋਂ ਪ੍ਰਹੇਜ਼।

(੫) ਵਿਦੇਸ਼ੀਆਂ ਦੀ ਨੌਕਰੀ ਨਹੀਂ ਕਰਨੀ।

(੬) ਅੰਗ੍ਰੇਜ਼ੀ ਸਰਕਾਰ ਤੋਂ ਛੁਟਕਾਰੇ ਦੇ ਸਜਗ, ਖ਼ਾਮੋਸ਼ ਤੇ ਅਹਿੰਸਕ ਜਤਨ ਕਰਨੇ।

**ਭਾਈਚਾਰਕ :**

(੧) ਸਫ਼ੈਦ ਬਸਤਰ ਪਹਿਰਨੇ।
(ਬਸਤਰਾਂ ਦੀ ਕਾਟ ਅਸਲੋਂ ਨਵੇਕਲੀ ਮੁਕੱਰਰ ਕੀਤੀ।)

(੨) ਅੰਮ੍ਰਿਤ ਵੇਲੇ ਜਾਗਣਾ, ਜੰਗਲ ਜਾ ਦਾਤਨ ਕਰਨੀ, ਸਣਕੇਸੀ ਇਸ਼ਨਾਨ ਕਰਨਾ। ਨਾਮ ਜਪਣਾ, ਬਾਣੀ ਪੜ੍ਹਨੀ।



Namdhari Elibrary NamdhariElibrary@gmail.com

(੪) ਸਭ ਪਾਸਿਆਂ ਤੋਂ ਆਤਮ ਨਿਰਭਰ ਹੋਣਾ।
(੫) ਗੜਵਾ, ਡੋਰੀ, ਆਸਣ, ਪਊਏ ਤੇ ਮਾਲਾ ਸਦਾ ਕੋਲ ਰਖਣੇ।
(੬) ਜੰਮਣਾ, ਮਰਨਾ, ਵਿਆਹ ਸ਼ਾਦੀਆਂ ਨੂੰ ਸਾਦਾ ਤੇ ਸਮਾਜਕ ਨੇਮਾਂ ਅਨੁਸਾਰ ਕਰਨਾ।
(੭) ਗਊ ਗਰੀਬ ਦੀ ਰੱਖਿਆ ਕਰਨੀ।
(੮) ਹਰ ਨਾਮਧਾਰੀ ਨੂੰ ਆਪਣਾ ਵੀਰ ਭੈਣ ਜਾਨਣਾ।

ਇਹਨਾਂ ਨੇਮਾਂ ਦੇ ਸਮਾਜ ਵਿਚ ਪ੍ਰਚਲਤ ਹੋ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਇਕ ਨਵੀਂ ਸ਼ਕਤੀ ਤੇ ਜਥੇਬੰਦਕ ਚੇਤਨਾ ਮਿਲੀ। ਜਿਸ ਨਾਲ ਹਰੇਕ ਦੇ ਅੰਦਰ ਇਕ ਐਸੀ ਜਵਾਲਾ ਧਧਕਣ ਲੱਗੀ ਜਿਸ ਦਾ ਤੱਤ ਰਾਜਸੀ ਤੌਰ ਤੇ ਆਜ਼ਾਦੀ ਅਤੇ ਧਾਰਮਿਕ ਤੌਰ ਤੇ ਬਰਾਬਰੀ ਹਾਸਲ ਕਰਨਾ ਸੀ।

ਚਾਰ ਪੰਜ ਸਾਲ ਦੇ ਥੋੜੇ ਜਿਹੇ ਸਮੇਂ ਵਿਚ ਨਾਮਧਾਰੀਆਂ ਦੀ ਗਿਣਤੀ ੭ ਲੱਖ ਤਕ ਪਹੁੰਚ ਗਈ। ਜਦੋਂ ਪੰਜਾਬ ਵਿਚ "ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ" ਦੀ ਘ੍ਰਿਣਤ ਸੁਰ ਮੰਦਰਾਂ, ਮਸਜਿਦਾਂ ਅਤੇ ਗੁਰਦਵਾਰਿਆਂ ਵਿਚੋਂ ਸ਼ੋਕ ਨਾਲ ਉੱਠ ਰਹੀ ਸੀ ਓਦੋਂ ਨਾਮਧਾਰੀ ਸਮਾਜ ਹੀ ਐਸਾ ਸੀ ਜੋ ਗੋਰਿਆਂ ਦੀ ਹਕੂਮਤ ਦੇ ਖ਼ਿਲਾਫ਼ ਗੁਪਤ ਨਫ਼ਰਤ ਜਥੇਬੰਦ ਕਰ ਰਿਹਾ ਸੀ।

ਨਾਮਧਾਰੀ ਭਜਨ ਬਾਣੀ ਕਰਦੇ ਜਦੋਂ ਕਿਤੇ ਆਪਣੇ ਦੀਵਾਨ ਵਿਚ ਆਤਮਿਕ ਅਨੰਦ ਨਾਲ ਲਬਰੇਜ਼ ਹੋ ਕੂਕ ਉੱਠਦੇ ਤਾਂ ਸੁਣਨ ਵਾਲੇ ਲੋਕਾਂ ਇਹਨਾਂ ਦਾ ਨਾਮ ਹੀ ਕੂਕੇ ਧਰ ਦਿੱਤਾ। ਅੰਗ੍ਰੇਜ਼ਾਂ ਦੀਆਂ ਦਸਤਾਵੇਜ਼ਾਂ ਵਿਚ ਵੀ ਨਾਮਧਾਰੀਆਂ ਨੂੰ "ਕੂਕੇ" ਨਾਮ ਨਾਲ ਚੇਤੇ ਕੀਤਾ ਗਿਆ ਹੈ।



Namdhari Elibrary NamdhariElibrary@gmail.com

ਉਡਾ ਕੇ ਉਹ ਚੈਨ ਦਾ ਸਾਹ ਲੈਣਾ ਚਾਹੁੰਦਾ ਸੀ। ਇਸ ਕਰਤੂਤ ਵਿਚ ਦੇਸੀ ਰਾਜੇ ਰਜਵਾੜਿਆਂ ਨਿਸ਼ੰਗ ਹੋ ਉਸ ਦਾ ਸਾਥ ਦਿਤਾ।

ਬਿਦੇਸ਼ੀਆਂ ਦਾ ਹਰ ਵਾਰ ਸਹਿੰਦੇ ਸਹਿੰਦੇ ਨਾਮਧਾਰੀ ਅੱਜ ਵੀ ਜੀਵਤ ਹਨ। ਦੇਸ ਸੁਤੰਤਰ ਹੈ। ਅੰਗ੍ਰੇਜ਼ ਤੁਰ ਗਏ ਹਨ। ਕਹਾਣੀਆਂ ਬਾਕੀ ਹਨ। ਪਰ ਇਹਨਾਂ ਕਹਾਣੀਆਂ ਵਿਚੋਂ ਜਦੋਂ ਵੀ ਕੋਈ ਕੂਕਿਆਂ ਦੀ ਥੋਕ ਕੁਰਬਾਨੀਆਂ ਦੀ ਗਾਥਾ ਤੇ ਗੁਰੂ ਰਾਮ ਸਿੰਘ ਜੀ ਦੇ ਲੋਕ ਜਗਾਵੇ ਦੀ ਵਾਰਤਾ ਪੜ੍ਹੇ ਸੁਣੇਗਾ ਉਹ ਇਹ ਜ਼ਰੂਰ ਅਨੁਭਵ ਕਰੇਗਾ ਕਿ ਅੰਗ੍ਰੇਜ਼ ਦੇ ਜਮੂਦ ਨੂੰ ਤੋੜਨ ਲਈ ਗੁਰੂ ਰਾਮ ਸਿੰਘ ਜੀ ਨੇ ਜੋ ਮਨੋਬਲ ਤੇ ਵਿਸ਼ਵਾਸ ਦਿਤਾ ਓਹੋ ਹੀ ਅਗਾਂਹ ਜਾ ਕੇ ਸਾਰੀ ਰਾਜਸੀ ਲਹਿਰ ਦਾ ਆਧਾਰ ਬਣਿਆ।



Namdhari Elibrary NamdhariElibrary@gmail.com

## ਨਾਮਧਾਰੀਆਂ ਦੀ ਸਦਾਚਾਰਕ ਨੀਤੀ

> ਬਹੁਤਿਆਂ ਦੀ ਕਾਇਆਂ ਪਲਟ ਗਈ ਅਤੇ ਹਜ਼ਾਰਾਂ ਸਿੱਖ ਉਹਨਾਂ ਦੇ ਪਿਛੇ ਟੁਰਦੇ ਹੋਏ ਸੱਚੇ ਨਾਮਧਾਰੀ ਬਣੇ । ਪੁਰਾਣਾ ਆਰਾਮ ਤੇ ਦਲਿੱਦਰ ਦਾ ਜੀਵਨ ਛਡ ਦਿਤਾ । ਸ਼ੁਧ ਆਚਾਰ, ਸਾਦੀ ਪੁਸ਼ਾਕ, ਪਵਿੱਤਰ ਆਹਾਰ ਕਰਕੇ ਨਾਮ ਜਪਣ ਅਤੇ ਧਰਮ ਦੀ ਰੱਖਿਆ ਲਈ ਕਮਰ ਕੱਸ ਕੇ ਤਿਆਰ ਹੋ ਗਏ ।
>
> — ਗੁਰਮੁਖ ਨਿਹਾਲ ਸਿੰਘ

ਸਤਿਗੁਰੂ ਰਾਮ ਸਿੰਘ ਜੀ ਨੇ ਇਹ ਚੰਗੀ ਤਰ੍ਹਾਂ ਭਾਂਪ ਲਿਆ ਕਿ ਅੰਗਰੇਜ਼ ਹਿੰਦੁਸਤਾਨੀ ਸਭਿਅਤਾ ਅਤੇ ਇਸ ਦੀ ਵਿਚਾਰਧਾਰਾ ਨੂੰ ਨਕਾਰਾਤਮਕ ਦੱਸ ਕੇ ਲੋਕਾਂ ਵਿਚ ਇਹ ਭਰਮ ਪੈਦਾ ਕਰ ਰਿਹਾ ਹੈ : ਭਾਰਤ ਦੀ ਸੰਸਕ੍ਰਿਤੀ ਤੇ ਜੀਵਨ ਢੰਗ ਥੋਥਾ ਹੈ, ਅਸਲੀ ਜੀਵਨ-ਚੱਜ ਯੂਰਪ ਕੋਲੋਂ ਸਿੱਖਿਆ ਜਾਵੇ ; ਸਾਡੇ ਵਲ ਵੇਖੋ ਜੋ ਅਸੀਂ ਥੋੜੇ ਤੁਹਾਡੇ ਬਹੁਤਿਆਂ ਤੇ ਕੰਟਰੋਲ ਕਰ ਰਹੇ ਹਾਂ ।

ਸਮਾਂ ਆ ਗਿਆ ਕਿ ਪੜ੍ਹੇ ਲਿਖੇ ਲੋਕੀਂ ਅੰਗਰੇਜ਼ ਦੇ ਵਿਚਾਰਾਂ ਤੋਂ ਪਰਭਾਵਤ ਹੋ ਕੇ ਆਪਣੇ ਕਲਚਰ ਤੇ ਰਹਿਣ ਸਹਿਣ ਨੂੰ ਨਿੰਦਣ ਲਗ ਪਏ । ਅੰਗਰੇਜ਼ ਨੇ ਹਿੰਦੂ ਮੁਸਲਮਾਨਾਂ ਵਿਚ ਤਾਂ ਫੁਟ ਦੇ ਬੀ ਬੀਜੇ ਹੀ ਸਨ, ਸਿੱਖਾਂ ਤੇ ਹਿੰਦੂਆਂ ਵਿਚ ਵੀ ਨਫ਼ਰਤ ਖਿਲਾਰਨੀ ਸ਼ੁਰ ਕਰ ਦਿਤੀ ।

ਪੂਰਬੀ ਸਭਿਆਚਾਰ ਨੂੰ ਨਿੰਦਣ ਯੋਗ ਦੱਸ ਕੇ ਇਸਾਈਅਤ ਦੇ ਨਾਲ ਨਾਲ ਪੱਛਮੀ ਚੱਜ ਆਚਾਰ ਨੂੰ ਉਤਸਾਹਤ ਕਰਨਾ ਅਤੇ ਪਸਾਰਨਾ ਅਰੰਭ ਦਿਤਾ ।



Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਨੇ ਇਸ ਗੰਭੀਰ ਸਾਜ਼ਸ਼ ਨੂੰ ਸਮਝ ਕੇ ਹੀ ਅੰਗਰੇਜ਼ ਦੀ ਤਾਲੀਮ, ਸਕੂਲ, ਅਦਾਲਤਾਂ ਤੇ ਹੋਰ ਸਹੂਲਤਾਂ ਨੂੰ ਬਾਈਕਾਟ ਕਰਨ ਦਾ ਪ੍ਰੋਗਰਾਮ ਬਣਾਇਆ ਜਿਸ ਤੇ ਸਾਰੇ ਨਾਮਧਾਰੀਆਂ ਹੀ ਰੱਬੀ ਹੁਕਮ ਜਾਣ ਫੁੱਲ ਚਾੜ੍ਹੇ । ਇਹ ਨਿਰ ਵਿਵਾਦ ਸੱਤ ਹੈ ਕਿ ਮਹਾਤਮਾ ਗਾਂਧੀ ਜੀ ਦੀ ਨਾ-ਮਿਲਵਰਤਨ ਲਹਿਰ ਸਮੇਂ ਵੀ ਨਾਮਧਾਰੀਆਂ ਵਾਂਗ ਠੋਸ ਬਾਈਕਾਟ ਨਹੀਂ ਕੀਤਾ ਗਿਆ ।

ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤੀਆਂ ਦੀ ਗਿਰਾਵਟ ਦਾ ਮੂਲ ਕਾਰਨ ਧਰਮ ਹੀਨਤਾ ਤੇ ਅੰਧ ਵਿਸ਼ਵਾਸ ਹੀ ਜਾਣਿਆ । ਮੁੜ ਕੇ ਧਰਮ ਦਾ ਤੱਤ ਧਾਰਨ ਕਰਨ ਦਾ ਪਿਛੋਕੜ ਤਿਆਰ ਕਰਕੇ ਉਹਨਾਂ ਦੇਸ਼ ਨੂੰ ਆਜ਼ਾਦੀ ਵਲ ਵਧਣ ਦਾ ਆਧਾਰ ਦਿਤਾ । ਨਾਮਧਾਰੀਆਂ ਵਿਚ ਉਹਨਾਂ ਸੁਦੇਸ਼ੀ ਦੇ ਪਰਚਾਰ ਨਾਲ, ਆਪਣੀਆਂ ਕੋਝੀਆਂ ਤੇ ਉਜਾੜੂ ਰਸਮਾਂ ਦਾ ਵੀ ਖ਼ਾਤਮਾ ਕਰਨ ਵਲ ਕਦਮ ਪੁਟੇ । ਹਿੰਦੂ ਸਭਿਅਤਾ ਦੀ ਸ੍ਰੇਸ਼ਟਤਾ ਨੂੰ ਮੁੜ ਜੀਵਨ ਦੇ ਕੇ ਸੁੱਚ ਸੋਧ ਅਤੇ ਯੱਗ ਹਵਨ ਨੂੰ ਪੰਜਾਬ ਵਿਚ ਪਰਚਾਰਿਆ । ਫ਼ਰਕ ਕੇਵਲ ਵੇਦ ਮੰਤਰਾਂ ਦੀ ਥਾਂ ਸਮਝ ਆ ਸਕਣ ਵਾਲੀ ਗੁਰੂ ਬਾਣੀ ਦਾ ਹੀ ਪਾਇਆ । ਉਹਨਾਂ ਦੇ ਦਰਸ਼ਨ, ਵਿਵਹਾਰ ਤੇ ਸ਼ਿਸ਼ਟਾਚਾਰ ਦਾ ਪਰਭਾਵ ਅਜਿਹਾ ਭਰਪੂਰ ਪਿਆ ਕਿ ਪੰਜਾਬ ਦੇ ਪਿੰਡ ਪਿੰਡ, ਨਗਰ ਨਗਰ ਵਿਚ ਕੀਰਤਨ, ਭਜਨ, ਪਾਠ, ਸੁੱਚ ਸੰਜਮ ਦੇ ਵਹਿਣ ਵਹਿ ਤੁਰੇ ।

ਉਹਨਾਂ ਇਸਤਰੀ ਜਾਤੀ ਤੇ ਮਹਾਨ ਉਪਕਾਰ ਕਰਦਿਆਂ ਇਹ ਚੀਜ਼ਾਂ ਧਰਮ ਅਧੀਨ ਕਰ ਦਿਤੀਆਂ ਕਿ ਕੋਈ ਲੜਕੀ ਨਾ ਮਾਰੇ, ਛੋਟੀ ਉਮਰ ਵਿਚ ਲੜਕੀ ਦਾ ਵਿਆਹ ਨਾ ਕਰੇ, ਵੱਟਾ ਨ ਕਰੇ, ਮੁੱਲ ਨਾ ਵੇਚੇ, ਵਿਧਵਾ ਵਿਆਹ ਕੀਤਾ ਜਾਏ, ਲੜਕੀ ਤੇ ਲੜਕੇ ਨੂੰ ਧਾਰਮਿਕ ਵਿੱਦਿਆ ਜ਼ਰੂਰ ਪੜ੍ਹਾਈ ਜਾਏ । ਕਛਹਿਰੇ ਪੁਆ ਕੇ ਤੇ ਅੰਮ੍ਰਿਤ ਛਕਾ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਦਾ ਦਰਜਾ ਬਰਾਬਰ ਕਰ ਦਿਤਾ ।

ਮੜ੍ਹੀ ਪੂਜਾ, ਕਬਰ ਪੂਜਾ ਅਤੇ ਅੰਧ ਵਿਸ਼ਵਾਸ ਦੇ ਹੋਰ ਅੱਡਿਆਂ ਨੂੰ ਨਾਮਧਾਰੀਆਂ ਨੇ ਸਤਿਗੁਰੂ ਦੇ ਹੁਕਮ ਨਾਲ ਪੂਰੀ ਤਰ੍ਹਾਂ ਤਿਆਗਿਆ ਅਤੇ



Namdhari Elibrary NamdhariElibrary@gmail.com

ਨਿਰੋਲ ਭਾਰਤੀ ਸਭਿਆਚਾਰ ਦਾ ਬੋਲ ਬਾਲਾ ਉੱਚਾ ਕੀਤਾ। ਏਸ ਸੱਚੇ ਸੁੱਚੇ ਪਰਚਾਰ ਨੂੰ ਪੰਜਾਬ ਦੇ ਲੋਕਾਂ ਨੇ ਖੁਲ੍ਹੇ ਦਿਲ ਜੀ ਆਇਆਂ ਕਿਹਾ ਅਤੇ ਧਰਮ ਤੇ ਸਦਾਚਾਰ ਦੀ ਇਕ ਅਜਿਹੀ ਨਿਯਮਾਵਲੀ ਲੋਕਾਂ ਨੂੰ ਪਿਆਰੀ ਲੱਗਣ ਲੱਗੀ ਕਿ ਕੋਈ ਨਾਮਧਾਰੀ ਕਿਸੇ ਦੇ ਖੇਤ ਦਾ ਸਾਗ ਵੀ ਅਣਪੁੱਛਿਆਂ ਨਾ ਤੋੜਦਾ। ਆਪਣੀ ਗਲਤੀ ਭਰੀ ਸਭਾ ਵਿਚ ਮੰਨਣੋਂ ਸੰਕੋਚ ਨਾ ਕਰਦਾ। ਬਿਗਾਨਾ ਹੱਕ ਖਾਣ ਨੂੰ ਮਹਾ ਪਾਪ ਸਮਝਦਾ। ਵੱਡਿਆਂ ਦਾ ਸਤਿਕਾਰ ਕਰਦਾ ਤੇ ਹਰ ਪਾਸੇ ਈਸ਼ਵਰੀ ਵਿਧਾਨ ਨੂੰ ਅਟੱਲ ਜਾਣ ਕੇ ਮੰਦੇ ਦਿਨਾਂ ਤੇ ਝੂਰਦਾ ਨਾ, ਭਲੇ ਦਿਨਾਂ ਵਿਚ ਹੰਕਾਰਦਾ ਨਾ।

ਨਾਮਧਾਰੀਆਂ ਦੀ ਸਦਾਚਾਰਕ ਨੀਤੀ ਦਾ ਹੀ ਇਹ ਪਰਭਾਵ ਸੀ ਕਿ ਸੰਨ ੧੮੭੨ ਤਕ ਹਿੰਦੂ ਮੁਸਲਮਾਨ ਤੇ ਸਿੱਖਾਂ ਦੀ ਭਾਰੀ ਗਿਣਤੀ ਨਾਮਧਾਰੀਆਂ ਵਲ ਲੋਕ ਲਹਿਰ ਵਾਂਗ, ਪਰੇਰਤ ਹੋਈ ਤੁਰੀ ਆਉਂਦੀ ਸੀ।

ਨਾਮਧਾਰੀ ਅਨੰਦ ਵਿਧੀ ਨੇ ਭਾਵੇਂ ਕੁਝਕੁ ਲਾਲਚੀ ਬ੍ਰਾਹਮਣਾਂ ਨੂੰ ੧੮੬੩ ਵਿਚ ਪਰੇਸਾਨ ਕੀਤਾ, ਪਰ ਸਮੁੱਚੇ ਤੋਰ ਤੇ ਸਮਾਜ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਏਸ ਉਪਕਾਰ ਨੂੰ ਵੀ ਖਿੜੇ ਮੱਥੇ ਸਵੀਕਾਰਿਆ। ਸਿੱਖਾਂ ਨੇ ਤਾਂ ੧੯੦੯ ਵਿਚ ਅਨੰਦ ਮੈਰਿਜ ਐਕਟ ਪਾਸ ਕਰਵਾ ਕੇ ਉਸ ਪਹਿਲ ਅਗੇ ਸਿਰ ਝੁਕਾਇਆ।

ਇਸ ਤਰ੍ਹਾਂ ਭਾਰਤੀ ਸਮਾਜ ਦੇ ਸਮੂਹ ਅੰਗਾਂ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਦੱਸੇ ਮਾਰਗ ਤੇ ਚਲ ਕੇ, ਨਾਮਧਾਰੀਆਂ ਨੇ ਇਕ ਠੋਸ ਪਰਭਾਵ ਪਾਇਆ। ਅੱਜ ਵੀ ਨਾਮਧਾਰੀਆਂ ਦਾ ਜੀਵਨ ਆਚਰਣ ਵੇਖ ਕੇ ਇਹਨਾਂ ਦੀ ਪੂਰਣ ਸ਼ੁੱਧਤਾ ਅਤੇ ਸੁਦੇਸ਼ੀਅਤ ਉਤੇ ਹਰ ਕੋਈ ਫ਼ਖ਼ਰ ਕਰ ਸਕਦਾ ਹੈ।



Namdhari Elibrary NamdhariElibrary@gmail.com

## ਸਤਿਗੁਰੂ ਰਾਮ ਸਿੰਘ ਜੀ

ਕਾਂਗਰਸ ਨੇ ਆਪ ਦੇ ਵਖਾਏ ਹੋਏ ਰਸਤੇ ਨੂੰ ਅਖ਼ਤਿਆਰ ਕਰਕੇ ਹੀ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ।

— ਜਵਾਹਰ ਲਾਲ ਨਹਿਰੂ

ਇਹ ਠੀਕ ਹੈ ਕਿ ਆਪਣੇ ਪੈਰਾਂ ਉਤੇ ਖੜੇ ਹੋਣ ਦੀ ਸਿੱਖਿਆ ਦੇਸ਼ ਨੇ ਨਾ-ਮਿਲਵਰਤਨ ਦੇ ਬਾਨੀ ਮਹਾਤਮਾਂ ਗਾਂਧੀ ਤੋਂ ਪ੍ਰਾਪਤ ਕੀਤੀ ਹੈ । ਪਰ ਸੱਚ ਪੁੱਛਿਆ ਜਾਵੇ ਤਾਂ ਇਸ ਸਿੱਖਿਆ ਦੇ ਦਾਤਾ ਸਭ ਤੋਂ ਪਹਿਲੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਹੀ ਹਨ ।

— ਛਬੀਲ ਦਾਸ ਪ੍ਰਿੰਸੀਪਲ

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਚਲਾਏ ਸੱਤਿ ਮਾਰਗ ਦਾ ਬਾਰ੍ਹਵਾਂ ਪਥ ਪਰਦਰਸ਼ਕ ਮੰਨਦੇ ਹਨ । ਗੁਰੂ ਬਾਲਕ ਸਿੰਘ ਜੀ ਹਜਰੋ ਨਿਵਾਸੀ ਨੂੰ ਸਿੱਖਾਂ ਦਾ ਗਿਆਰ੍ਹਵਾਂ ਗੁਰੂ ਤੇ ਗੁਰੂ ਰਾਮ ਸਿੰਘ ਜੀ ਨੂੰ ਬਾਰ੍ਹਵਾਂ ਜਾਣਿਆਂ ਜਾਂਦਾ ਹੈ ।

ਆਪ ਜੀ ਦਾ ਪ੍ਰਕਾਸ਼ ਸੰਨ ੧੮੧੬, ੩ ਫ਼ਰਵਰੀ ਬਸੰਤ ਪੰਚਮੀ ਵਾਲੀ ਰਾਤ ਪਿੰਡ ਰਾਈਆਂ ਜ਼ਿਲਾ ਲੁਧਿਆਣਾ ਵਿਚ ਹੋਇਆ । ਆਪ ਜੀ ਦੇ ਪਿਤਾ ਦਾ



Namdhari Elibrary NamdhariElibrary@gmail.com

ਨਾਮ ਜੱਸਾ ਸਿੰਘ ਤੇ ਮਾਤਾ ਦਾ ਨਾਮ ਸਦਾ ਕੌਰ ਸੀ । ਇਹ ਰਾਮਗੜ੍ਹੀਆ ਬਰਾਦਰੀ ਦੇ ਰਤਨ ਸਨ ।

ਆਪ ਦਾ ਵਿਆਹ ਪਿੰਡ ਧਰੌੜ ਜ਼ਿਲਾ ਲੁਧਿਆਣਾ ਵਿਚ ਸ੍ਰੀ ਜੱਸਾਂ ਜੀ ਨਾਲ ਹੋਇਆ । ਸੰਤਾਨ ਵਜੋਂ ਦੋ ਲੜਕੀਆਂ, ਬੀਬੀ ਨੰਦਾਂ ਤੇ ਬੀਬੀ ਦਇਆ ਕੌਰ ਸਨ ।

ਸੰਨ ੧੮੩੫ ਤੋਂ ੧੮੪੫ ਤਕ ਆਪ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਫ਼ੌਜ ਦੀ ਨੌ-ਨਿਹਾਲ ਸਿੰਘ ਰਜਮੰਟ ਵਿਚ ਨੌਕਰੀ ਕੀਤੀ । ਫ਼ੌਜ ਵਿਚ ਰਹਿੰਦਿਆਂ ਹੀ ਇੰਹਨਾਂ ੧੮੪੧ ਈਸਵੀ ਵਿਚ ਗੁਰੂ ਬਾਲਕ ਸਿੰਘ ਜੀ ਪਾਸ ਹਜ਼ਰੋਂ ਪਹੁੰਚ ਕੇ ਨਾਮ ਦੀ ਦਾਤ ਪ੍ਰਾਪਤ ਕੀਤੀ ।

ਸੰਨ ੧੮੫੭ ਅਪਰੈਲ ਦੀ ੧੩ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਬਾਕਾਇਦਾ ਪੰਜ ਪਿਆਰੇ ਥਾਪ ਕੇ ਦਸ਼ਮੇਸ਼ ਜੀ ਦੀ ਸਿੱਖੀ ਨੂੰ ਸੁਰਜੀਤ ਕੀਤਾ ਜਿਸ ਦਾ ਨਾਮ ਨਾਮਧਾਰੀ ਰੱਖਿਆ ।

ਸੰਨ ੧੮੬੩ ਵਿਚ ਪਿੰਡ ਸਿਆਹੜ ਜ਼ਿਲਾ ਲੁਧਿਆਣਾ ਵਿਚ ਪਹਿਲੀ ਵਾਰ ਆਪ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਪੁਰਸ਼ਾਂ ਦੇ ਬਰਾਬਰ ਦਰਜਾ ਦਿਤਾ । ੩ ਜੂਨ ੧੮੬੩ ਨੂੰ ਅਨੰਦ ਮਰਯਾਦਾ ਦਾ ਅਰੰਭ, ਪਿੰਡ ਖੋਟੇ ਜ਼ਿਲਾ ਫ਼ੀਰੋਜ਼ਪੁਰ ਵਿਚ, ਛੇ ਜੋੜਿਆਂ ਨੂੰ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹ ਕੇ, ਗ੍ਰਿਹਸਤ ਮਾਰਗ ਵਿਚ ਪ੍ਰਵੇਸ਼ ਕਰਵਾ ਕੇ ਕੀਤਾ ।

੩ ਜੁਲਾਈ ੧੮੬੩ ਤੋਂ ੧੮੬੬ ਤਕ ਆਪ ਨੂੰ ਭੈਣੀ ਸਾਹਿਬ ਵਿਚ (ਭੈਣੀ ਸਾਹਿਬ ਪਹਿਲਾਂ ਭੈਣੀ ਭੂੰਦੜ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਤੇ ਇਹ ਪਿੰਡ ਰਾਈਆਂ ਦੀ ਇਕ ਪੱਤੀ ਦਾ ਹੀ ਕੋਈ ਅੱਧ ਮੀਲ ਦੂਰ ਵਸਿਆ ਭਾਗ ਹੈ) ਨਜ਼ਰ ਬੰਦ ਕੀਤਾ ਗਿਆ । ਇਸ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਬਾਣੀ ਦੇ ਪ੍ਰਚਾਰ ਹਿਤ, ਪਹਿਲੀ ਵਾਰ, ਦੀਵਾਨ ਬੂਟਾ ਸਿੰਘ ਦੇ ਆਫ਼ਤਾਬ ਪ੍ਰੈੱਸ ਲਾਹੌਰ ਤੋਂ ਸ੍ਰੀ ਆਦਿ ਗ੍ਰੰਥ ਸਾਹਿਬ ਛਪਵਾਇਆ । ਇਸ ਤੋਂ ਪਹਿਲਾਂ ਹੱਥ ਲਿਖਤ ਬੀੜਾਂ ਹੀ ਪ੍ਰਚਲਤ ਸਨ ।



Namdhari Elibrary NamdhariElibrary@gmail.com

੧. (੧੪-੧੫ ਜੂਨ ੧੮੭੧ ਦੀ ਵਿਚਕਾਰਲੀ ਰਾਤੇ ਨਾਮਧਾਰੀਆਂ ਵਲੋਂ ਅੰਮ੍ਰਿਤਸਰ ਦੇ ਗਊ ਘਾਤਕ ਬੁੱਚੜਾਂ ਤੇ ਹਮਲਾ । ੧੫ ਸਤੰਬਰ ੧੮੭੧ ਨੂੰ ੪ ਸਰੀਰਾਂ ਨੂੰ ਫ਼ਾਂਸੀ ਤੇ ਤਿੰਨਾਂ ਨੂੰ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ। ਤਿੰਨ ਜਣੇ ਮਫ਼ਰੂਰ ਕਰਾਰ ਦਿਤੇ ਗਏ ।)

੨. (੧੫ ਜੁਲਾਈ ੧੮੭੧ ਦੀ ਰਾਤੀਂ ਰਾਇਕੋਟ ਜ਼ਿਲਾ ਲੁਧਿਆਣਾ ਤੇ ਹਮਲਾ ਕਰਕੇ ਨਾਮਧਾਰੀਆਂ ਗਊਆਂ ਦੇ ਰੱਸੇ ਖੋਲ੍ਹੇ। ਵਿਰੋਧ ਵਿਚ ਕੁਛ ਬੁੱਚੜ ਕਤਲ ਹੋਏ। ੫ ਅਗਸਤ ੧੮੭੧ ਬੱਸੀਆਂ ਦੀ ਕੋਠੀ ਜ਼ਿਲਾ ਲੁਧਿਆਣਾ ਵਿਚ ੩ ਨਾਮਧਾਰੀ ਫਾਹੇ ਟੰਗ ਦਿਤੇ ਗਏ। ਦੋ ਅਸਲੋਂ ਨਿਰਦੋਸ਼ ਨਾਮਧਾਰੀਆਂ ਨੂੰ ਏਸੇ ਕੇਸ ਵਿਚ ੨੬ ਨਵੰਬਰ ੧੮੭੧ ਨੂੰ ਲੁਧਿਆਣਾ ਜੇਲ੍ਹ ਵਿਚ ਫਾਹੇ ਲਾ ਦਿਤਾ ਗਿਆ।)

੩. (੧੫ ਜਨਵਰੀ ੧੮੭੨ ਨੂੰ ਨਾਮਧਾਰੀਆਂ ਦਾ ਮਲੇਰ ਕੋਟਲੇ ਬੁੱਚੜਾਂ ਤੇ ਹਮਲਾ। ਬਿਨਾਂ ਮੁਕੱਦਮਾਂ ਚਲਾਏ ਏਥੋਂ ਦੇ ਰੱਕੜ ਵਿਚ ੧੭-੧੮ ਜਨਵਰੀ ੧੮੭੨ ਨੂੰ ੬੬ ਨਾਮਧਾਰੀ ਤੋਪਾਂ ਅਗੇ ਉਡਾਏ ਗਏ ।)

੧੮ ਜਨਵਰੀ ੧੮੭੨ ਨੂੰ ਸਤਿਗੁਰੂ ਰਾਮ ਸਿੰਘ ਜੀ, ਉਹਨਾਂ ਦੇ ਇਕ ਸੇਵਕ ਤੇ ਤਿੰਨ ਮੁਖੀ ਸੂਬਿਆਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਗ੍ਰਿਫ਼ਤਾਰ ਕਰਕੇ ਪ੍ਰਯਾਗ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤਾ ਗਿਆ। ਇਸੇ ਦਿਨ ਸ਼ਾਮ ਤਕ ਹੋਰ ਮੁਖੀ ਸੂਬੇ ਗ੍ਰਿਫ਼ਤਾਰ ਕਰਕੇ ਪ੍ਰਯਾਗ ਦੇ ਕਿਲ੍ਹੇ ਵਿਚ ਨਜ਼ਰਬੰਦੀ ਲਈ ਭੇਜ ਦਿਤੇ ਗਏ ।

੧੬ ਮਾਰਚ ੧੮੭੨ ਦੇ ਦਿਨ ਸਤਿਗੁਰੂ ਜੀ ਨੂੰ ਰੰਗੂਨ ਸੈਂਟਰਲ ਜੇਲ੍ਹ ਵਿਚ ਬਦਲ ਦਿਤਾ ਗਿਆ।

੨੧ ਸਤੰਬਰ ੧੮੮੦ ਨੂੰ ਆਪ ਜੀ ਨੂੰ ਮਰਗੋਈ (ਬਰਮਾ) ਵਿਚ ਨਜ਼ਰਬੰਦ ਕੀਤਾ ਗਿਆ।

ਦਸੰਬਰ ੧੮੮੫ ਵਾਲੇ ਦਿਨ ਸਤਿਗੁਰੂ ਜੀ ਪਹਿਰੇਦਾਰਾਂ ਦੀ ਹਿਰਾਸਤ ਵਿਚੋਂ ਨਿਕਲ ਕੇ ਅਲੋਪ ਹੋ ਗਏ।



Namdhari Elibrary NamdhariElibrary@gmail.com

# ਸਤਿਗੁਰੂ ਹਰੀ ਸਿੰਘ ਜੀ

ਆਪ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਸਨ । ਆਪ ਦੀ ਗੱਦੀ ਨਸ਼ੀਨੀ ਗੁਰੂ ਰਾਮ ਸਿੰਘ ਜੀ ਦੇ ਪਰਦੇਸ ਵਿਚੋਂ ਲਿਖੇ ਇਕ ਹੁਕਮਨਾਮੇ ਦੁਆਰਾ ਹੋ ਗਈ, ਪਰ ਇਸ ਤੋਂ ਵੀ ਪਹਿਲਾਂ, ਗੁਰੂ ਜੀ ਨੇ ਦੇਸ਼ ਵਿਚ ਰਹਿੰਦਿਆਂ ਆਪਣੇ ਛੋਟੇ ਵੀਰ ਨੂੰ ਖੇਤੀ ਬਾੜੀ ਦਾ ਕੰਮ ਛੁਡਾ ਕੇ ਡੇਰੇ ਦੀਆਂ ਕੁਛ ਜ਼ਿੰਮੇਵਾਰੀਆਂ ਦੇ ਦਿਤੀਆਂ ਸਨ । ਪ੍ਰਦੇਸ ਗਮਨ ਕਰਨ ਵੇਲੇ ਸਤਿਗੁਰੂ ਜੀ ਮਹਾਰਾਜ ਬੁੱਧ ਸਿੰਘ ਜੀ ਨੂੰ (ਏਹ ਨਾਮ ਉਹਨਾਂ ਦਾ ਪਹਿਲਾਂ ਦਾ ਘਰੋਗਾ ਸੀ, ਹਰੀ ਸਿੰਘ ਨਾਮ ਪ੍ਰਦੇਸ ਵਿਚੋਂ ਸਤਿਗੁਰੂ ਜੀ ਲਈ ਭੇਜ ਕੇ ਗੁਰੂ ਰਾਮ ਸਿੰਘ ਜੀ ਨੇ ਵਿਸ਼ੇਸ਼ ਤੌਰ ਤੇ ਇਹਨਾਂ ਨੂੰ ਆਪਣਾ ਧਾਰਮਕ ਤੇ ਘਰੋਗੀ ਸਰਬਰਾਹ ਥਾਪਿਆ) ਆਪਣੇ ਤੋਂ ਪਿਛੋਂ ਗੁਰਦਵਾਰਾ ਸ੍ਰੀ ਭੈਣੀ ਸਾਹਿਬ ਵਿਚਲੀਆਂ ਸਾਰੀਆਂ ਜ਼ਿੰਮੇਵਾਰੀਆਂ ਦੇ ਕੇ ਵਿਦਾ ਹੋਏ।

ਗੁਰੂ ਹਰੀ ਸਿੰਘ ਜੀ ਨੂੰ ਗੁਰੂ ਰਾਮ ਸਿੰਘ ਜੀ ਤੋਂ ਮਗਰੋਂ ਅੰਗਰੇਜ਼ ਸਰਕਾਰ ਵਲੋਂ ਢਾਏ ਗਏ ਤਮਾਮ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ। ਉਹਨਾਂ ਦੇ ਸਮੇਂ ਸ੍ਰੀ ਭੈਣੀ ਸਾਹਿਬ ਵਿਚ ਪਾਣੀ ਹਾਂਡੇ ਤਕ ਧਰਤੀ ਪੁੱਟ ਕੇ ਕੁਛ ਅਸਲ੍ਹਾ ਲੱਭਣ ਦੀ ਨਿਰਰਥਕ ਕੋਸਿਸ਼ ਕੀਤੀ ਗਈ। ਆਪ ਦੇ ਸਮੇਂ ਹੀ ਭੈਣੀ ਸਾਹਿਬ ਵਿਚ ਪੁਲਸ ਚੌਕੀ ਪਈ ਤੇ ਨਾਮਧਾਰੀ ਸਿੱਖਾਂ ਦਾ ਏਥੇ ਆਉਣਾ ਜਾਣਾ ਰੋਕਿਆ ਗਿਆ। ਪਾਠਾਂ, ਵਰਨੀਆ, ਦੀਵਾਨਾਂ ਤੇ ਪਾਬੰਦੀ ਲਾਈ ਗਈ ਅਤੇ ਹੋਰ ਅਨੇਕ ਪ੍ਰਕਾਰ ਦੇ ਜ਼ੁਲਮਾ ਦਾ ਦੌਰ ਜਾਰੀ ਰਖਿਆ ਗਿਆ । ਸਤਿਗੁਰੂ ਹਰੀ ਸਿੰਘ ਜੀ ਨੇ ਸਾਰੀਆਂ ਔਕੜਾਂ ਨੂੰ ਖਿੜੇ ਮੱਥੇ ਅਤੇ ਸਨਿੰਮਰ ਸਹਾਰਿਆ।

ਅਜਿਹੀ ਦਸਾ ਵਿਚ ਆਪ ਦੇ ਮਹਿਲ ਸ੍ਰੀ ਮਾਤਾ ਜੀਵਨ ਕੌਰ ਜੀ ਅਤੇ ਫ਼ਤਹ ਕੌਰ ਜੀ ਨੂੰ ਵੀ ਕਈ ਰਾਜਸੀ ਜ਼ਿਆਦਤੀਆਂ ਦਾ ਟਾਕਰਾ ਕਰਨਾ ਪਿਆ।



Namdhari Elibrary NamdhariElibrary@gmail.com

ਮਾਤਾ ਜੀਉਣ ਕੌਰ ਜੀ ਦੇ ਪਲੇਠੀ ਦੇ ਸਪੁੱਤਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ ਵੀ ਨਜ਼ਰਬੰਦੀ ਦੀ ਹਾਲਤ ਵਿਚ ਹੋਇਆ ।

ਹਰ ਪਰਕਾਰ ਦੀਆਂ ਸਰਕਾਰੀ ਰੋਕਾਂ ਦੇ ਬਾਵਜੂਦ ਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆਂ ਵਿਚ ਜੀਵਨ-ਸ਼ਕਤੀ ਬਹਾਲ ਰਖੀ । ਆਜ਼ਾਦੀ ਦੀ ਤੜਪ ਬਰਕਰਾਰ ਰਖੀ । ਸਿੱਖੀ ਮਰਯਾਦਾ ਨੂੰ ਸੁਰਜੀਤ ਰੱਖਿਆ । ਅਤੇ ਇਸ ਦੇ ਨਾਲ ਨਾਲ ਹੀ, ਅੰਦਰੋ-ਗਤੀ, ਕਸ਼ਮੀਰ, ਨੇਪਾਲ ਅਤੇ ਰੂਸ ਵਰਗੀਆਂ ਗੁਆਂਢੀ ਸਰਕਾਰਾਂ ਨਾਲ ਤਾਲ-ਮੇਲ ਬਣਾਈ ਰੱਖਣ ਦੇ ਯਤਨ ਕੀਤੇ । ਆਪ ਜੀ ਨੇ ਭਜਨ ਸਿਮਰਨ ਤੇ ਮਰਯਾਦਾ ਨੂੰ ਪਾਲਦਿਆਂ, ਸਿਰ ਨਿਵਾਈ, ਹਿਰਦੇ ਨੂੰ ਸਾਗਰ ਵਾਂਗ ਵਿਸ਼ਾਲ ਤੇ ਵਿਸ਼ਵਾਸ ਨੂੰ ਹਿਮਾਲੀਆ ਵਾਂਗ ਉੱਚਾ ਰੱਖ ਕੇ ਆਪਣਾ ਸਮਾਂ ਦੇਸ ਅਤੇ ਧਰਮ ਦਾ ਭਲਾ ਸੋਚਦਿਆਂ-ਕਰਦਿਆਂ ਬਿਤਾਇਆ ।

ਆਪ ਦੇ ਸਬੰਧੀ ਥੋੜੀ ਜਾਣਕਾਰੀ ਇੰਜ ਹੈ :

ਜਨਮ ਸਥਾਨ — ਰਾਈਆਂ, ਜ਼ਿਲਾ ਲੁਧਿਆਣਾ ।

ਮਾਤਾ ਪਿਤਾ — ਮਾਤਾ ਸਦਾ ਕੌਰ, ਪਿਤਾ ਬਾਬਾ ਜੱਸਾ ਸਿੰਘ ।

ਜਨਮ — ੧੮੧੯ ਈਸਵੀ (ਅਸੂ ਦਾ ਤੀਜਾ ਨੁਰਾਤਾ, ਬੁਧਵਾਰ ਸੰਮਤ ੧੮੭੬) ।

ਪਹਿਲੇ ਮਹਿਲ — ਬੀਬੀ ਸਾਹਿਬੋ ।

ਮਹਿਲ — ਮਾਤਾ ਜੀਉਣ ਕੌਰ ਮਾਤਾ ਫਤਹ ਕੌਰ ।

ਧਾਰਮਿਕ ਜ਼ਿੰਮੇਵਾਰੀ — ੧੮ ਜਨਵਰੀ ੧੮੭੨ ।

ਸੰਤਾਨ — (੧) ਸਤਿਗੁਰੂ ਪ੍ਰਤਾਪ ਸਿੰਘ ਜੀ,
(੨) ਮਹਾਰਾਜ ਨਿਹਾਲ ਸਿੰਘ ਜੀ,
(੩) ਮਹਾਰਾਜ ਗੁਰਦਿਆਲ ਸਿੰਘ ਜੀ ।

ਪਰਲੋਕ ਗਮਨ — ਈਸਵੀ ੧੯੦੬ (ਜੇਠ ਵਦੀ ੧੦ ਸਨੀਚਰਵਾਰ ਸੰਮਤ ੧੯੬੩) ।



Namdhari Elibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ

ਸਤਾਰ੍ਹਵੇਂ ਸਾਲ ਦੀ ਗਭਰੇਟ ਉਮਰ ਵਿਚ, ਗੁਰੂ ਹਰੀ ਸਿੰਘ ਜੀ ਦੇ ਸਚਖੰਡ ਪਧਾਰਨ ਬਾਅਦ ਨਾਮਧਾਰੀ ਪੰਥ ਦਾ ਕਾਰਜ ਭਾਰ ਸੰਭਾਲਿਆ। ਆਪ ਦੇ ਜਨਮ ਸਮੇਂ ਹੀ ਗੁਰਦਵਾਰੇ ਤੋਂ ਬਹੁਤ ਸਾਰੀਆਂ ਪਾਬੰਦੀਆਂ ਉੱਠ ਗਈਆਂ। ਆਪ ਨੇ ਨਾਮਧਾਰੀਆਂ ਦੀ ਸੰਗਠਤ ਸ਼ਕਤੀ ਨੂੰ ਦੇਸ਼ ਆਜ਼ਾਦੀ ਦੀ ਮਹਾਨ ਲਹਿਰ ਕਾਂਗਰਸ ਨਾਲ ਸਫ ਬੰਦ ਕਰਕੇ ਦੇਸ਼ ਆਜ਼ਾਦੀ ਲਈ ਸੰਗਰਾਮ ਕੀਤਾ, ਤੇ ਨਾਮਧਾਰੀਆਂ ਨੂੰ ਨਾਮ ਸਿਮਰਨ, ਭਜਨ ਬਾਣੀ ਆਦਿ ਦੀ ਸਿੱਖਿਆ ਦੇਂਦਿਆਂ ਆਪ ਜੀ ਨੇ ਹਿੰਦੂ, ਸਿੱਖਾਂ, ਮੁਸਲਮਾਨਾਂ ਦੀ ਏਕਤਾ ਉਤੇ ਬਲ ਦੇਣ ਲਈ ਕਾਨਫਰੰਸਾਂ ਕੀਤੀਆਂ। ਹਿੰਦੂ ਅਤੇ ਸਿੱਖਾਂ ਦੀ ਏਕਤਾ ਲਈ ਵੀ ਸਦਾ ਜਤਨ ਜਾਰੀ ਰਖੇ। ਗੁਰੂ ਨਾਨਕ-ਪੰਥੀ ਤਮਾਮ ਸੰਪਰਦਾਵਾਂ ਦੀ ਏਕਤਾ ਲਈ ਵੀ ਕੋਸ਼ਿਸ਼ਾਂ ਕੀਤੀਆਂ। ਸਾਮਰਾਜ ਵਿਰੋਧੀ ਸੰਸਾਰ-ਅਮਨ-ਲਹਿਰ ਵਿਚ ਆਪ ਨੇ ਪੰਜਾਬ ਵਲੋਂ ਭਾਗ ਪਾਇਆ। ਲੇਖਕਾਂ ਤੇ ਕਲਾਕਾਰਾਂ ਨਾਲ ਵੀ ਸਰਗਰਮ ਸੰਪਰਕ ਕਾਇਮ ਰਖਿਆ। ਸੰਗੀਤ ਦੇ ਆਪ ਖ਼ਾਸ ਮਰਮੱਗ ਸਨ, ਇਸ ਸਬੰਧੀ ਆਪ ਦੇ ਕੀਤੇ ਸੁਜਤਨ ਅਦੁੱਤੀ ਸਨ। ਹਿੰਦ-ਪਾਕ ਵੰਡ ਵੇਲੇ ਆਪ ਨੇ ਸਭ ਸਮਝਦਾਰ ਲੋਕਾਂ ਅਤੇ ਨਾਮਧਾਰੀਆਂ ਨੂੰ ਹਿੰਦੁਸਤਾਨ ਚਲੇ ਆਉਣ ਦਾ ਜਾਨ-ਹੂਲਵਾਂ ਪ੍ਰਯਤਨ ਕੀਤਾ। ਦੇਸ਼ ਵੰਡ ਸਮੇਂ ਭਿਆਨਕ ਉਜਾੜੇ ਵਿਚ ਸਮੁੱਚੇ ਨਾਮਧਾਰੀਆਂ ਨੂੰ ਭਾਰਤ ਵਿਚ ਥਾਂ ਪਰ ਥਾਂ ਆਬਾਦ ਕਰਨ ਤੇ ਜ਼ਿਲਾ ਹਿਸਾਰ, ਤਹਿਸੀਲ ਸਿਰਸਾ (ਹੁਣ ਜ਼ਿਲਾ), ਇਲਾਕਾ ਸ੍ਰੀ ਜੀਵਨ ਨਗਰ ਵਿਚ ਇਕੱਠੇ ਕਰਕੇ ਵਸਾਣ ਦਾ, ਖ਼ਾਸ ਤੌਰ ਤੇ ਖਰਚੀਲਾ ਤੇ ਔਖਾ ਕਾਰਜ ਭਾਰ ਨਿਬਾਹਿਆ।



Namdhari Elibrary NamdhariElibrary@gmail.com

ਆਪ ਨਿਰੇ ਧਾਰਮਿਕ ਰਾਹਨੁਮਾ ਹੀ ਨਹੀਂ ਸਨ, ਦੇਸ਼ ਦੇ ਪਸ਼ੂ-ਧਨ ਦੀ ਉੱਨਤੀ ਅਤੇ ਰੱਖਿਆ ਦੇ ਜਤਨਾਂ ਵਿਚ ਵੀ ਭਰਪੂਰ ਭਾਗ ਲੈਂਦੇ ਰਹੇ। ਆਪਣਾ ਪਸ਼ੂ ਫ਼ਾਰਮ ਖੋਲ੍ਹ ਕੇ ਦੇਸ਼ ਵਿਚ ਵਖ ਵਖ ਥਾਈਂ ਵਧੀਆ ਕਿਸਮ ਦੀਆਂ ਗਊਆਂ ਮੱਝਾਂ ਅਤੇ ਘੋੜੇ ਘੋੜੀਆਂ ਦੀ ਨਸਲਕਸ਼ੀ ਲਈ ਭੇਜੀਆਂ । ਪਸ਼ੂ ਪਰਦਰਸ਼ਨੀਆਂ ਵਿਚ ਭਾਗ ਲੈ ਕੇ ਸਰਕਾਰ ਨੂੰ ਸਹੀ ਸੁਝਾਉ ਦਿਤੇ ਕਿ ਕਿਵੇਂ ਥੋੜੇ ਖ਼ਰਚ ਵਿਚ ਵਧੇਰੇ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ । ਇਹਨਾਂ ਆਪਣੇ ਪੱਲਿਓਂ ਖ਼ਰਚ ਕਰਕੇ ਹਰ ਸਾਲ ਇਕ ਇਕ ਜਾਂ ਦੋ ਦੋ ਪਸ਼ੂ ਪਰਦਰਸ਼ਨੀਆਂ ਜ਼ਿਲਾ ਲੁਧਿਆਣਾ ਤੇ ਜ਼ਿਲਾ ਹਿਸਾਰ ਵਿਚ ਕੀਤੀਆਂ ਤਾਂਕਿ ਲੋਕਾਂ ਵਿਚ ਵਧੀਆ ਨਸਲ ਦੇ ਪਸ਼ੂ ਰਖਣ ਦਾ ਸ਼ੌਕ ਫੈਲੇ ।

ਧਾਰਮਿਕ ਪੱਖੋਂ ਆਪ ਨੇ ਪੌਣੇ ਚਾਰ ਲੱਖ ਆਦਿ ਗ੍ਰੰਥ ਸਾਹਿਬ ਜੀ ਦੇ ਪਾਠ ਕਰਵਾਏ ਅਤੇ ਅੱਡ ਅੱਡ ਥਾਵਾਂ ਅਤੇ ਲੋਕਾਂ ਕੋਲੋਂ ਹੋਰ ਲਖੂਖਾਂ ਪਾਠ ਕਰਵਾਏ । ਭਜਨ, ਬਾਣੀ, ਵਰਨੀਆਂ ਤੇ ਯੱਗ ਹਵਨ ਆਦਿ ਦਾ ਪ੍ਰਵਾਹ ਸਦਾ ਜਾਰੀ ਰੱਖਿਆ ।

ਦੇਸ਼ ਦੀ ਉੱਨਤੀ ਨੂੰ ਮੁਖ ਰਖਦਿਆਂ ਨਾਮਧਾਰੀਆਂ ਦੀ ਅਤੇ ਆਪਣੀ ਰਕਮ ਨਾਲ ਹਿਸਾਰ ਦੇ ਜ਼ਿਲੇ ਵਿਚ ਪੰਜ ਸੌ ਮੁਰੱਬਾ ਜੰਗਲ ਪਈ ਬੇ-ਆਬਾਦ ਜ਼ਮੀਨ ਖ਼ਰੀਦ ਕੇ ਪੱਧਰੀ ਤੇ ਉਪਜਾਊ ਧਰਤੀ ਬਣਵਾ ਸਾਰੇ ਦੇਸ਼ ਵਿਚੋਂ ਵਧੇਰੇ ਉਪਜਾਊ ਇਲਾਕਾ ਤਿਆਰ ਕਰਵਾ ਦਿਤਾ ।

ਆਪ ਨੇ ਸਦਾ ਸੁਦੇਸ਼ੀ ਸਰਕਾਰ ਦਾ ਸਾਥ ਤਾਂ ਦਿਤਾ, ਪਰ ਮੰਗਿਆ ਕੇਵਲ ਇਹ ਕਿ ਦੇਸ ਵਾਸੀਆਂ ਦੇ ਭਲੇ ਲਈ ਗਊ ਬੱਧ ਤੇ ਪਾਬੰਦੀ ਲਾਈ ਜਾਏ (ਦੁਰਭਾਗ, ਕਿ ਭਾਰਤ ਦੀ ਸਰਕਾਰ ਇਸ ਨੇਕ ਮਸ਼ਵਰੇ ਨੂੰ ਢਿਲਕਵੇਂ ਕਾਨੂੰਨਾਂ ਨਾਲ ਹੀ ਅਮਲ ਵਿਚ ਲਿਆਈ ।)

ਆਪ ਜੀ ਨੇ ਜੀਵਨ ਭਰ ਲੱਖਾਂ ਲੋਕਾਂ ਦੀ ਅਬੋਲ ਤੇ ਅਡੋਲ ਸਹਾਇਤਾ ਕੀਤੀ ।

ਇਹ ਮਾਣ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਹੀ ਮਿਲਿਆ ਕਿ ਪਹਿਲੇ ਸਤਿਗੁਰੂਆਂ ਦੇ ਅੰਤ ਸਮੇਂ ਦੇ ਮੁਕਾਬਲੇ ਤੇ ਉਹਨਾਂ ਦੇ ਨਮਿਤ ਹਜ਼ਾਰਾਂ ਪਾਠਾਂ ਦੇ



Namdhari Elibrary NamdhariElibrary@gmail.com

ਭੋਗ ਪਏ ਅਤੇ ਵਖ ਵਖ ਵਿਚਾਰਾਂ ਵਾਲੇ ਡੇਢ ਲੱਖ ਲੋਕਾਂ ਨੇ ਇਕੱਤਰ ਹੋ ਕੇ ਉਹਨਾਂ ਨੂੰ ਸ਼ਰਧਾਂਜਲੀ ਅਰਪਣ ਕੀਤੀ।

ਜਨਮ — ੧੮੮੯ ਈਸਵੀ (ਚੇਤ ਵਦੀ ਤੀਜ ਸੰ: ੧੯੪੬)।

ਮਾਤਾ ਪਿਤਾ — ਮਾਤਾ ਜੀਉਣ ਕੌਰ ਜੀ ਪਿਤਾ ਗੁਰੂ ਹਰੀ ਸਿੰਘ ਜੀ।

ਸਥਾਨ — ਸ੍ਰੀ ਭੈਣੀ ਸਾਹਿਬ।

ਗੁਰ ਗੱਦੀ — ੧੯੦੬ ਈ: (ਜੇਠ ਵਦੀ ੧੦ ਸੰ: ੧੯੬੩)।

ਅਨੰਦ ਕਾਰਜ — ੧੯੧੫ ਈ: (੧੩ ਪੋਹ ਸੰ: ੧੯੭੧)।

ਮਹਿਲ — ਮਾਤਾ ਭੂਪਿੰਦਰ ਕੌਰ ਜੀ।

ਸੰਤਾਨ — ਸਤਿਗੁਰੂ ਜਗਜੀਤ ਸਿੰਘ ਜੀ,
ਮਹਾਰਾਜ ਬੀਰ ਸਿੰਘ ਜੀ।

ਦੇਹਾਂਤ — ੨੨ ਅਗਸਤ ੧੯੫੯ (੬ ਭਾਦਰੋਂ ਸੰ: ੨੦੧੬)।



Namdhari Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਜੀ

ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਥਮ ਸਪੁੱਤਰ ਹਨ। ਆਪ ਜੀ ਨੇ ਕਰੀਬ ੩੯ ਸਾਲ ਸਿੱਖ ਬਣ ਕੇ ਸਤਿਗੁਰੂ ਜੀ ਦੇ ਹੁਕਮਾਂ ਨੂੰ ਸਿਰ ਧਾਰਿਆ ਅਤੇ ਗੁਰੂ ਘਰ ਦੀ ਮਰਯਾਦਾ ਦੀਆਂ ਕਠਨ ਹਾਲਤਾਂ ਵਿਚ ਰਹਿ ਕੇ ਆਪਣੇ ਆਪ ਨੂੰ ਕੁੰਦਨ ਕੀਤਾ।

ਬੇਸ਼ੱਕ ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਿਹਾਂਤ ਬਾਅਦ ਉਸੇ ਘੜੀ "ਸਤਿਗੁਰੂ" ਦੀਆਂ ਜ਼ਿੰਮੇਵਾਰੀਆਂ ਦੇ ਆਦਰ ਯੋਗ ਭਾਰ ਨੂੰ ਉਠਾਣ ਲਈ ਮਜਬੂਰ ਸਨ, ਪਰ ਨਾਮਧਾਰੀ ਸੰਗਤਾਂ ਅਤੇ ਦੇਸ਼ ਵਿਦੇਸ਼ ਤੋਂ ਆਏ ਅਨੇਕਾਂ ਵਖ ਵਖ ਵਿਚਾਰਾਂ ਵਾਲੇ ਲੋਕਾਂ ਦੇ ਡੇਢ ਲੱਖ ਦੇ ਇਕੱਠ ਨੇ ੧੦ ਸਤੰਬਰ ੧੯੫੯ ਨੂੰ ਆਪ ਜੀ ਅਗੇ ਇਕ ਖੱਦਰ ਦੀ ਦਸਤਾਰ ਅਤੇ ਮਾਇਆ ਰੱਖ ਕੇ, ਨਿਰਵਿਵਾਦ ਆਪ ਜੀ ਦੇ ਗੁਰਤੱਵ ਦਾ ਸਨਮਾਨ ਕੀਤਾ।

ਡਾਢਾ ਚਿਰ ਸਿੱਖੀ ਦੀ ਕੁਠਾਲੀ ਵਿਚੋਂ ਸ਼ੁੱਧ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀਆਂ ਦੀ ਰਾਹਨੁਮਾਈ ਉਹਨਾਂ ਅਸੂਲਾਂ ਉਤੇ ਹੀ ਕਰਨੀ ਆਰੰਭ ਦਿਤੀ ਜਿਨ੍ਹਾਂ ਦੀ ਸ਼ੁਰੂਆਤ ਸਤਿਗੁਰੂ ਨਾਨਕ ਦੇਵ ਜੀ ਕਰ ਗਏ ਸਨ ਤੇ ਸਮੇਂ ਅਨੁਸਾਰ ਵਿਕਾਸ ਤੇ ਪਰੀਵਰਤਨ ਹੋਰ ਸਤਿਗੁਰੂਆਂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤਾ ਸੀ।

ਧਰਮ ਦੇ ਪੱਖੋਂ, ਆਪ ਪਹਿਲਾਂ ਵਾਂਗ ਹੀ ਰੋਜ਼ਾਨਾ ਅੰਮ੍ਰਿਤ ਵੇਲੇ ਤੋਂ ਭਜਨ ਬਾਣੀ ਆਦਿ ਧਰਮ ਕਾਰਜਾਂ ਵਿਚ ਆਪਣਾ ਸਮਾਂ ਬਿਤਾਦੇ ਹਨ।



Namdhari Elibrary NamdhariElibrary@gmail.com

ਦੇਸ਼ ਦੇ ਸਮੂੰਹ ਪ੍ਰਾਂਤਾਂ ਅਤੇ ਵਿਦੇਸ਼ਾਂ ਵਿਚ ਜਗਤ ਦੀ ਕਲਿਆਣ ਹਿਤ ਰਟਨ ਕਰਦੇ ਹਨ।

ਦੇਸ਼ ਦੇ ਵਖ ਵਖ ਧਰਮਾਂ ਵਿਚ ਏਕਤਾ, ਵਖ ਵਖ ਨਸਲਾਂ ਵਿਚ ਦੋਸਤੀ ਦੇ ਨਾਲ ਨਾਲ ਉਹ ਹਰੇਕ ਨੂੰ ਇਕ ਘੰਟਾ ਰੋਜ਼ਾਨਾ, ਆਪਣੇ ਆਪਣੇ ਅਕੀਦੇ ਅਨੁਸਾਰ ਨਾਮ ਸਿਮਰਨ ਦੀ ਪਰੇਰਨਾ ਦਿੰਦੇ ਹਨ। ਆਪ ਜੀ ਗਊ ਰੱਖਿਆ, ਪਸ਼ੂ-ਧਨ ਦੀ ਉੱਨਤੀ, ਕੌਮਾਂਤਰੀ ਸ਼ਾਂਤੀ, ਵਿਸ਼ਵ ਧਰਮ ਸਮਾਨਤਾ, ਸੰਸਾਰ ਸ਼ਾਕਾਹਾਰ ਆਦਿ ਸੰਸਥਾਵਾਂ ਵਿਚ ਸਰਗਰਮ ਹਿੱਸਾ ਲੈਂਦੇ ਹਨ।

ਸ੍ਰੀ ਭੈਣੀ ਸਾਹਿਬ ਆਪ ਜੀ ਦਾ ਰਿਹਾਇਸ਼ੀ ਕੇਂਦਰ ਹੈ। ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ, ਆਪ ਜੀ ਦਾ ਨਾਮਧਾਰੀਆਂ ਦੀ ਉੱਨਤੀ ਲਈ ਕੇਂਦਰ ਹੈ। ਆਪ ਜੀ ਦੇ ਪਿਆਰ ਤੇ ਧਿਆਨ ਹੇਠ ਜੀਵਨ ਨਗਰ ਇਲਾਕੇ ਦੇ ਹਜਾਰਾਂ ਨਾਮਧਾਰੀ ਕਿਸਾਨ ਖੇਤੀ ਦੀ ਉਪਜ ਵਿਚ ਅਗੇ ਵਧਵੇਂ ਕਦਮ ਪੁੱਟ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਮਹਾਨ ਸੰਭਾਵਨਾਵਾਂ ਭਰੀ ਵਿਅੱਕਤੀ ਹਨ। ਆਪ ਸਮੁੱਚੇ ਨਾਮਧਾਰੀਆਂ ਨੂੰ ਰੂਪਾਂ, ਰੰਗਾਂ, ਜ਼ਾਤਾਂ, ਪੇਸ਼ਿਆਂ ਵਿਚ ਵਖ ਵਖ ਵਿਅੱਕਤੀਆਂ, ਪਰ ਤੱਤ ਰੂਪ ਵਿਚ ਇਕ-ਜਾਨ ਕੀਤੀ ਲਈ ਆ ਰਹੇ ਹਨ ਅਤੇ ਨਾਮਧਾਰੀਆਂ ਦੀ ਸੰਗਠਤ ਸ਼ਕਤੀ ਨੂੰ ਦੇਸ਼ ਦੇ ਭਲੇ ਹਿਤ ਵਰਤਣ ਲਈ ਤਿਆਰ ਬਰਤਿਆਰ ਰਹਿੰਦੇ ਹਨ।

ਆਪ ਜੀ ਮਿਲਾਪੜੇ, ਅੰਦਰ ਧਸ ਜਾਣ ਵਾਲੇ, ਅਬੋਲ ਮਦਦਗਾਰ ਅਤੇ ਉੱਚੇ ਸੁੱਚੇ ਆਚਰਣ ਦੇ ਮਾਲਕ ਹਨ। ਵਰਤਮਾਨ ਸਮੇਂ ਵਿਚ ਗੁਰ-ਸਿੱਖੀ, ਸਹੀ ਦੇਸ਼ ਭਗਤੀ ਤੇ ਵਿਅੱਕਤੀ ਦੀ ਆਚਰਣਕ ਉੱਚਤਾ ਤੇ ਬਲ ਦੇਂਦੇ ਵਿਸ਼ਵ ਕਲਿਆਣ ਦਾ ਮਾਰਗ ਰੌਸ਼ਨ ਕਰ ਰਹੇ ਹਨ।

ਜਨਮ — ੧੯੨੦ ਈ: (੮ ਮੱਘਰ ੧੯੭੭ ਬਿ:)।

ਸਥਾਨ — ਸ੍ਰੀ ਭੈਣੀ ਸਾਹਿਬ।



Namdhari Elibrary NamdhariElibrary@gmail.com

ਮਾਤਾ ਪਿਤਾ — ਮਾਤਾ ਭੂਪਿੰਦਰ ਕੌਰ ਜੀ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ।

ਪਹਿਲੇ ਮਹਿਲ — ਬੀਬੀ ਰਾਜਿੰਦਰ ਕੌਰ ਜੀ (ਜੋ ਸਵਰਗਵਾਸ ਹੋ ਗਏ ਹਨ)।

ਦੂਜੇ ਮਹਿਲ — ਮਾਤਾ ਚੰਦ ਕੌਰ ਜੀ।

ਸੰਤਾਨ — ਬੀਬਾ (ਸਾਹਿਬ ਕੌਰ) ਜੀ ।



Namdhari Elibrary NamdhariElibrary@gmail com

# ਅੱਜ ਦੇ ਨਾਮਧਾਰੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਅੱਜ ਦੇ ਨਾਮਧਾਰੀ ਪੈਰੋਪੈਰ ਉੱਨਤੀ ਦੇ ਖੇਤਰ ਵਲ ਵਧ ਰਹੇ ਹਨ । ਬਰਤਾਨਵੀ ਸਾਮਰਾਜ ਨਾਲ ਰਖੀ ਨਾਮਿਲਵਰਤਨ ਦੀ ਪਾਲਿਸੀ ਦੀ ਥਾਂ ਭਾਰਤ ਦੀ ਸੁਦੇਸ਼ੀ ਸਰਕਾਰ ਨਾਲ ਮਿਲਵਰਤਨ ਦੀ ਪਾਲਿਸੀ ਹੈ । ਪਰ ਸਰਕਾਰ ਦੀਆਂ ਲੋਕ ਅਤੇ ਧਰਮ ਵਿਰੋਧੀ ਪਾਲਸੀਆਂ ਦੀ ਨਿੰਦਾ ਹੁਣ ਵੀ ਕੀਤੀ ਜਾਂਦੀ ਹੈ ।

ਨਾਮਧਾਰੀ ਗ੍ਰੰਥ ਸਾਹਿਬ ਜੀ ਵਿਚ ਦਰਜ ਸਿੱਖੀ ਭਾਵਨਾ ਨੂੰ ਸੁਰਜੀਤ ਰਖਦੇ ਹੋਏ ਇਕੋ ਸਤਿਗੁਰੂ ਦੀ ਮਾਨਤਾ ਨਾਲ, ਉਸ ਦੇ ਹੁਕਮ ਹੇਠ ਜਥੇਬੰਦ ਸ਼ਕਤੀ ਹਨ ।

ਸਫ਼ੈਦ ਬਸਤਰ ਪਹਿਨਦੇ, ਨਿਤ ਸਣੇ ਕੇਸੀ ਇਸ਼ਨਾਨ ਕਰਦੇ ਹਨ । ਭਜਨ ਬਾਣੀ ਕਰਨ ਤੇ ਕਰਵਾਣ ਵਲ ਲਗੇ ਰਹਿੰਦੇ ਹਨ । ਮਾਸ ਅਤੇ ਸ਼ਰਾਬ ਦੇ ਤਿਆਗੀ ਆਲ੍ਹਾ ਦਰਜੇ ਦੇ ਵੈਸ਼ਨਵ ਹਨ । ਸੱਚ ਤੇ ਸੁੱਚ ਵਲ ਹਮੇਸ਼ਾਂ ਸੇਧ ਰਖਦੇ ਹਨ । ਸੰਗੀਆਂ, ਸਾਥੀਆਂ, ਦੋਸਤਾਂ ਮਿੱਤਰਾਂ ਵਿਚ ਆਪਣੀ ਸੇਵਾ ਵ੍ਰਿਤੀ ਤੇ ਸਿਦਕ ਭਾਵਨਾ ਨਾਲ ਸਤਿਕਾਰੇ ਜਾਂਦੇ ਹਨ ।

ਨਾਮਧਾਰੀ ਵਿਅੱਕਤੀਆਂ ਦੀ ਆਪਣੀ ਨਿੱਜੀ ਕੋਈ ਪਾਲਿਸੀ ਨਹੀਂ ਹੁੰਦੀ । ਇਹਨਾਂ ਦੀ ਪਾਲਿਸੀ ਨਾਮਧਾਰੀ ਦਰਬਾਰ ਮਿਥਦਾ ਹੈ । ਰਾਜਸੀ ਤੌਰ ਤੇ ਖੋਹਾਮੋਹੀ ਦੀ ਦੌੜ ਵਿਚ ਨਾ ਪੈ ਕੇ ਗੁਰੂ ਆਗਿਆ ਅਧੀਨ ਦਸਾਂ ਨਹੁੰਆਂ ਦੀ ਕਿਰਤ ਵਿਚ ਵਿਸ਼ਵਾਸ ਰਖਦੇ ਹਨ । ਫ਼ਿਰਕਾ-ਪ੍ਰਸਤੀ ਇਹਨਾਂ ਦੇ ਖ਼ਮੀਰ ਵਿਚ ਨਹੀਂ । ਹਿੰਦੂ ਅਤੇ ਸਿੱਖਾਂ ਦੀ ਪਿਆਰ ਭਰੀ ਮਿਲਵਰਤਨ ਲਈ



Namdhari Elibrary NamdhariElibrary@gmail.com

ਸਦਾ ਜਤਨਸ਼ੀਲ ਰਹਿੰਦੇ ਹਨ । ਇਹਨਾਂ ਦੀ ਸਟੇਜ ਤੇ ਹਿੰਦੂ, ਮੁਸਲਿਮ, ਸਿੱਖ, ਈਸਾਈ, ਬੋਧੀ, ਜੈਨੀ ਸਭ ਭਾਈ ਭਾਈ ਹਨ । ਏਹ ਪੂਰਣ ਅਹਿੰਸਕ ਹਨ ।

ਆਪਣੇ ਵਿਆਹ ਆਪ ਆਪਣੀ ਅਨੰਦ ਵਿਧੀ ਨਾਲ ਕਰਦੇ ਹਨ। ਇਹਨਾਂ ਦੇ ਵਿਆਹ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਕੱਲੇ ਇਕੱਲੇ ਜਾਂ ਸਮੂਹਿਕ ਹੁੰਦੇ ਹਨ।

ਇਹਨਾਂ ਦੇ ਸਾਲ ਵਿਚ ਦੋ ਵੱਡੇ ਇਕੱਠ ਹੁੰਦੇ ਹਨ ।

੧. ਹੋਲਾ ਮਹੱਲਾ — ਹਰ ਸਾਲ ਵਖ ਵਖ ਥਾਵਾਂ ਤੇ ਸਤਿਗੁਰੂ ਜੀ ਦੀ ਮਨਜ਼ੂਰੀ ਨਾਲ ਹੁੰਦਾ ਹੈ।

੨. ਪਰਯੋਗ ਮੇਲਾ — ਇਹ ਕਰੀਬ ਕਰੀਬ ਹਰ ਸਾਲ ਸ੍ਰੀ ਭੈਣੀ ਸਾਹਿਬ ਹੁੰਦਾ ਹੈ ਤੇ ਲਗਾਤਾਰ ਇਕ ਮਹੀਨਾ ਚਲਦਾ ਹੈ । ਇਸ ਦੀ ਸਮਾਪਤੀ ੧੦ ਸਤੰਬਰ ਨੂੰ ਹੋ ਜਾਂਦੀ ਹੈ।

ਇਕ ਸੱਚੇ ਨਾਮਧਾਰੀ ਨੂੰ ਮਿਲਿਆਂ ਰੂਹ ਨੂੰ ਪ੍ਰਸੰਨਤਾ ਅਨੁਭਵ ਹੁੰਦੀ ਹੈ ।

ਨਾਮਧਾਰੀਆਂ ਦਾ ਆਦਰਸ਼ ਹੈ — ਸਰਬੱਤ ਦਾ ਭਲਾ।



Namdhari Elibrary NamdhariElibrary@gmail.com

ਮਿਲਣ ਦੇ ਪਤੇ :

(੧) ਪ੍ਰਬੰਧਕ, ਗੁਰਦੁਆਰਾ ਸ੍ਰੀ ਭੈਣੀ ਸਾਹਿਬ, ਜ਼ਿਲਾ ਲੁਧਿਆਣਾ (ਪੰਜਾਬ)

(੨) ਮੈਨੇਜਰ ਸਤਿਜੁਗ, ਸ੍ਰੀ ਜੀਵਨ ਨਗਰ, ਜ਼ਿਲਾ ਸਿਰਸਾ, ਹਰਿਆਣਾ

(੩) ਜਨਰਲ ਸਕਤਰ, ਨਾਮਧਾਰੀ ਦਰਬਾਰ K-17 ਰਾਜੌਰੀ ਗਾਰਡਨ, ਨਵੀਂ ਦਿੱਲੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com